SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 229 | Friday, December 15, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਲਿਬਰਲ ਗੰਨ ਕੰਟਰੋਲ ਬਿੱਲ ਸੈਨੇਟ ਵਿੱਚ ਹੋਇਆ ਪਾਸ




ਓਟਵਾ, 14 ਦਸੰਬਰ (ਪੋਸਟ ਬਿਊਰੋ) : ਫੈਡਰਲ ਲਿਬਰਲ ਸਰਕਾਰ ਦਾ ਵਿਵਾਦਗ੍ਰਸ਼ਤ ਗੰਨ ਕੰਟਰੋਲ ਬਿੱਲ ਸੀ-21 ਬਿਨਾਂ ਕਿਸੇ ਤਬਦੀਲੀ ਦੇ ਵੀਰਵਾਰ ਨੂੰ ਸੈਨੇਟ ਵਿੱਚ ਪਾਸ ਹੋ ਗਿਆ। ਹੁਣ ਇਹ ਕਾਨੂੰਨ ਦਾ ਰੂਪ ਅਖ਼ਤਿਆਰ ਕਰ ਲਵੇਗਾ।

ਕਈ ਮਹੀਨੇ ਤੱਕ ਸਿਆਸੀ ਵਿਰੋਧ ਤੇ ਵੰਡੀਆਂ ਤੋਂ ਬਾਅਦ ਇਹ ਬਿੱਲ ਮਈ ਵਿੱਚ ਹਾਊਸ ਆਫ ਕਾਮਨਜ਼ ਵਿੱਚ ਪਾਸ ਹੋਇਆ ਸੀ। ਬਿੱਲ ਦਾ ਜਿਹੜਾ ਸੰਸਕਰਣ ਸੈਨੇਟ ਕੋਲ ਪੇਸ਼ ਕੀਤਾ ਗਿਆ ਉਹ ਫੈਡਰਲ ਸਰਕਾਰ ਵੱਲੋਂ ਬਿੱਲ ਦੇ ਮੁੱਢਲੇ ਰੂਪ ਨਾਲੋਂ ਕਾਫੀ ਅਲੱਗ ਤੇ ਵਿਸਥਾਰ ਭਰਿਆ ਸੀ। ਬਿੱਲ ਸੀ-21 ਸੈਨੇਟ ਵਿੱਚ 24 ਦੇ ਮੁਕਾਬਲੇ 60 ਵੋਟਾਂ ਨਾਲ ਪਾਸ ਹੋਇਆ। ਇਸ ਬਿੱਲ ਵਿੱਚ ਹੇਠ ਲਿਖੇ ਮਾਪਦੰਡਾਂ ਨੂੰ ਸ਼ਾਮਲ ਕੀਤਾ ਗਿਆ ਹੈ :

- ਖੁਦ ਲਈ ਤੇ ਹੋਰਨਾਂ ਲਈ ਖਤਰਾ ਸਮਝੇ ਜਾਣ ਵਾਲੇ ਗੰਨ ਮਾਲਕਾਂ ਲਈ ਰੈੱਡ ਫਲੈਗ ਤੇ ਯੈਲੋ ਫਲੈਗ ਦਾ ਪ੍ਰਬੰਧ ਬਿੱਲ ਵਿੱਚ ਕੀਤਾ ਗਿਆ ਹੈ। ਅਜਿਹਾ ਕਰਕੇ ਗੰਨ ਲਾਅਜ਼ ਨੂੰ ਸਖ਼ਤ ਬਣਾਇਆ ਜਾਵੇਗਾ।
- ਕੈਨੇਡਾ ਵਿੱਚ ਹੈਂਡਗੰਨਜ਼ ਦੀ ਵਿੱਕਰੀ, ਖਰੀਦ ਜਾਂ ਟਰਾਂਸਫਰ ਰੋਕਣ ਲਈ ਉਨ੍ਹਾਂ ਉੱਤੇ ਫਰੀਜ਼ ਵਾਲਾ ਨਿਯਮ ਲਾਗੂ ਕੀਤਾ ਜਾਵੇਗਾ।
- ਇੱਕ ਵਾਰੀ ਬਿੱਲ ਦੇ ਕਾਨੂੰਨ ਵਜੋਂ ਲਾਗੂ ਹੋਣ ਤੋਂ ਬਾਅਦ ਪਾਬੰਦੀਸ਼ੁਦਾ ਅਸਾਲਟ ਸਟਾਈਲ ਹਥਿਆਰਾਂ ਦੇ ਭਵਿੱਖ ਵਾਲੇ ਮਾਡਲਾਂ ਉੱਤੇ ਸਥਾਈ ਪਾਬੰਦੀ ਲਾ ਦਿੱਤੀ ਜਾਵੇਗੀ।
- ਗੋਸਟ ਗੰਨਜ਼ ਨੂੰ ਤਿਆਰ ਕਰਨ ਜਾਂ ਖਰੀਦਣ ਤੇ ਹਥਿਆਰਾਂ ਦੀ ਸਮਗਲਿੰਗ ਨੂੰ ਰੋਕਣ ਲਈ ਤੇ ਗੈਰਕਾਨੂੰਨੀ ਕਰਾਰ ਦੇਣ ਲਈ ਕਈ ਤਰ੍ਹਾਂ ਦੇ ਪ੍ਰਬੰਧ ਇਸ ਬਿੱਲ ਵਿੱਚ ਕੀਤੇ ਗਏ ਹਨ।
- ਇੰਡੀਜੀਨਸ ਸੰਧੀ ਸਬੰਧੀ ਅਧਿਕਾਰਾਂ ਨੂੰ ਬਰਕਰਾਰ ਰੱਖਣ ਲਈ ਸਰਕਾਰ ਨੇ ਆਪਣਾ ਇਰਾਦਾ ਵੀ ਸਪਸ਼ਟ ਕੀਤਾ ਹੈ।

ਕਾਨੂੰਨ ਵਜੋਂ ਪ੍ਰਭਾਵੀ ਹੋਣ ਤੋਂ ਪੰਜ ਸਾਲ ਬਾਅਦ ਇਸ ਬਿੱਲ ਦੇ ਪਾਰਲੀਮਾਨੀ ਮੁਲਾਂਕਣ ਦੀ ਤਜਵੀਜ਼ ਵੀ ਬਿੱਲ ਵਿੱਚ ਰੱਖੀ ਗਈ ਹੈ। ਬਿੱਲ ਵਿੱਚ ਸ਼ਾਮਲ ਹੋਰਨਾਂ ਮਾਪਦੰਡਾਂ ਨੂੰ ਨਵੇਂ ਰੈਗੂਲੇਸ਼ਨਜ਼ ਰਾਹੀਂ ਲਾਗੂ ਕਰਵਾਇਆ ਜਾਵੇਗਾ। ਬਿੱਲ ਦਾ ਪੱਖ ਪੂਰਦਿਆਂ ਤਤਕਾਲੀ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਸੀ ਕਿ ਜਦੋਂ ਗੰਨ ਕੰਟਰੋਲ ਦੀ ਗੱਲ ਆਵੇਗੀ ਤਾਂ ਕੈਨੇਡਾ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸਰਕਾਰ ਨਾਲੋਂ ਲਿਬਰਲ ਸਰਕਾਰ ਕਿਸੇ ਵੀ ਹੱਦ ਤੱਕ ਜਾ ਕੇ ਕੋਸ਼ਿਸ਼ ਜਾਰੀ ਰੱਖੇਗੀ ਜਦਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦਾ ਕਹਿਣਾ ਹੈ ਕਿ ਇਸ ਕਾਨੂੰਨ ਨਾਲ ਕਾਨੂੰਨ ਦੀ ਪਾਲਣਾ ਕਰਨ ਵਾਲੇ ਗੰਨ ਮਾਲਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ। ਸ਼ੁੱਕਰਵਾਰ ਨੂੰ ਇਸ ਬਿੱਲ ਨੂੰ ਸ਼ਾਹੀ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ।

# ਫਾਰਮਾਕੇਅਰ ਬਿੱਲ ਪੇਸ਼ ਕਰਨ ਲਈ ਨਵੀਂ ਡੈੱਡਲਾਈਨ ਉੱਤੇ ਲਿਬਰਲ ਤੇ ਐਨਡੀਪੀ ਦਰਮਿਆਨ ਬਣੀ ਸਹਿਮਤੀ



ਓਟਵਾ, 14 ਦਸੰਬਰ (ਪੋਸਟ ਬਿਊਰੋ) : ਇਸ ਸਾਲ ਫਾਰਮਾਕੇਅਰ ਫਰੇਮਵਰਕ ਬਿੱਲ ਪਾਸ ਕਰਵਾਉਣ ਵਿੱਚ ਅਸਫਲ ਰਹਿਣ ਤੋਂ ਬਾਅਦ ਲਿਬਰਲ ਤੇ ਨਿਊ ਡੈਮੋਕ੍ਰੈਟਸ ਬਿੱਲ ਨੂੰ ਪੇਸ਼ ਕੀਤੇ ਜਾਣ ਦੀ ਨਵੀਂ ਡੈੱਡਲਾਈਨ, ਜੋ ਕਿ ਪਹਿਲੀ ਮਾਰਚ, 2024 ਹੈ, ਲਈ ਸਹਿਮਤ ਹੋ ਗਏ ਹਨ।

ਡਰੱਗ ਪਲੈਨ ਲਈ ਫਰੇਮਵਰਕ ਕਾਇਮ ਕਰਨ ਵਾਸਤੇ ਕੈਨੇਡਾ ਫਾਰਮਾਕੇਅਰ ਐਕਟ 2023 ਵਿੱਚ ਪਾਸ ਹੋ ਗਿਆ ਸੀ। ਇਹ ਲਿਬਰਲਾਂ ਤੇ ਐਨਡੀਪੀ ਦਰਮਿਆਨ ਹੋਇਆ ਅਜਿਹਾ ਸਮਝੌਤਾ ਸੀ ਜਿਸ ਨਾਲ ਘੱਟ ਗਿਣਤੀ ਲਿਬਰਲ ਸਰਕਾਰ ਦੀ ਪਾਰਲੀਆਮੈਂਟਰੀ ਸਥਿਰਤਾ ਜੂਨ 2025 ਤੱਕ ਬਣੀ ਰਹਿਣੀ ਸੀ ਤੇ ਬਦਲੇ ਵਿੱਚ ਉਨ੍ਹਾਂ ਨੂੰ ਕੁੱਝ ਪ੍ਰੋਗਰੈਸਿਵ ਨੀਤੀਆਂ ਲਾਗੂ ਕਰਨੀਆਂ ਪੈਣੀਆਂ ਸਨ।

ਹਾਲਾਂਕਿ ਪਲੈਨ ਨੂੰ ਲਾਗੂ ਕਰਨ ਦੇ ਮਾਮਲੇ ਵਿੱਚ ਗੱਲਬਾਤ ਕਾਫੀ ਉਸਾਰੂ ਰਹੀ ਪਰ ਫਰੇਮਵਰਕ ਵਿੱਚ ਕੀ ਕੁੱਝ ਹੋਣਾ ਚਾਹੀਦਾ ਹੈ ਇਸ ਬਾਰੇ ਪੂਰੀ ਤਰ੍ਹਾਂ ਸਹਿਮਤੀ ਨਹੀਂ ਬਣ ਪਾਈ। ਜਦੋਂ ਇਸ ਸਾਲ ਦੇ ਸ਼ੁਰੂ ਵਿੱਚ ਲਿਬਰਲਾਂ ਨੇ ਬਿੱਲ ਦਾ ਪਹਿਲਾ ਡਰਾਫਟ ਐਨਡੀਪੀ ਸਾਹਮਣੇ ਪੇਸ਼ ਕੀਤਾ ਸੀ ਤਾਂ ਐਨਡੀਪੀ ਆਗੂ ਜਗਮੀਤ ਸਿੰਘ ਨੇ ਇਸ ਨੂੰ ਮਿਆਰ ਉੱਤੇ ਖਰਾ ਨਾ ਉਤਰਨ ਤੇ ਕੈਨੇਡੀਅਨਜ਼ ਨੂੰ ਪੂਰੀ ਕਵਰੇਜ ਨਾ ਦੇਣ ਵਾਲਾ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ।

ਐਨਡੀਪੀ ਐਮਪੀ ਤੇ ਹੈਲਥ ਕ੍ਰਿਟਿਕ ਡੌਨ ਡੇਵੀਜ਼ ਨੇ ਇੱਕ ਬਿਆਨ ਵਿੱਚ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਬਹੁਤੇ ਲੋਕ ਉਹ ਦਵਾਈ ਨਹੀਂ ਲੈਂਦੇ ਜਿਸ ਦੀ ਉਨ੍ਹਾਂ ਨੂੰ ਲੋੜ ਹੈ ਕਿਉਂਕਿ ਉਹ ਇਹ ਦਵਾਈ ਅਫੋਰਡ ਹੀ ਨਹੀਂ ਕਰ ਸਕਦੇ। ਸਥਿਤੀ ਹੁਣ ਹੋਰ ਵੀ ਬਦਤਰ ਇਸ ਲਈ ਬਣ ਚੁੱਕੀ ਹੈ ਕਿਉਂਕਿ ਕੈਨੇਡੀਅਨਜ਼ ਨੂੰ ਜੂਨ ਗੁਜ਼ਾਰਾ ਕਰਨ ਲਈ ਅੰਤਾਂ ਦੀ ਮਹਿੰਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਅਜੋਕੇ ਸਮੇਂ ਯੂਨੀਵਰਸਲ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਉਨ੍ਹਾਂ ਆਖਿਆ ਕਿ ਗੱਲਬਾਤ ਉਸਾਰੂ ਚੱਲ ਰਹੀ ਹੈ ਤੇ ਇਸ ਪਾਸੇ ਅਸੀਂ ਅੱਗੇ ਵੀ ਵੱਧ ਰਹੇ ਹਾਂ। ਇਸੇ ਲਈ ਅਸੀਂ ਬਿੱਲ ਪਹਿਲੀ ਮਾਰਚ, 2024 ਤੱਕ ਪੇਸ਼ ਕਰਨ ਉੱਤੇ ਸਹਿਮਤੀ ਬਣਾਈ ਹੈ ਤਾਂ ਕਿ ਕੈਨੇਡੀਅਨਜ਼ ਦੀਆਂ ਉਮੀਦਾਂ ਉੱਤੇ ਖਰੇ ਉਤਰ ਸਕੀਏ। ਫੈਡਰਲ ਸਿਹਤ ਮੰਤਰੀ ਮਾਰਕ ਹੌਲੈਂਡ ਦੇ ਆਫਿਸ ਵੱਲੋਂ ਇਸ ਵਾਧੇ ਦੀ ਪੁਸ਼ਟੀ ਕੀਤੀ ਗਈ ਹੈ।

# ਯੰਗ ਡੰਡਾਸ ਸਕੁਏਅਰ ਤੇ ਡੰਡਾਸ ਸਬਵੇਅ ਸਟੇਸ਼ਨਜ਼ ਦੇ ਨਾਂ ਬਦਲਣ ਲਈ ਟੋਰਾਂਟੋ ਸਿਟੀ ਕਾਊਂਸਲ ਨੇ ਦਿੱਤੀ ਮਨਜ਼ੂਰੀ




ਟੋਰਾਂਟੋ, 14 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਊਂਸਲ ਵੱਲੋਂ ਯੰਗ ਡੰਡਾਸ ਸਕੁਏਅਰ ਤੇ ਡੰਡਾਸ ਸਬਵੇਅ ਸਟੇਸ਼ਨਜ਼ ਦਾ ਨਾਂ ਬਦਲਣ ਦੇ ਪੱਖ ਵਿੱਚ ਵੋਟ ਪਾਈ ਗਈ।

ਕਾਊਂਸਲ ਨੇ 4 ਦੇ ਮੁਕਾਬਲੇ 17 ਵੋਟਾਂ ਡੰਡਾਸ ਸਟੇਸ਼ਨ ਤੇ ਡੰਡਾਸ ਵੈਸਟ ਸਟੇਸ਼ਨ ਦਾ ਮੁੜ ਨਾਮਕਰਣ ਕੀਤੇ ਜਾਣ ਦੇ ਪੱਖ ਵਿੱਚ ਪਾਈਆਂ। ਯੰਗ ਡੰਡਾਸ ਸਕੁਏਅਰ ਦਾ ਨਾਂ ਸਨਕੋਫਾ ਸਕੁਏਅਰ ਰੱਖਣ ਦੇ ਪੱਖ ਵਿੱਚ 2 ਦੇ ਮੁਕਾਬਲੇ 19 ਵੋਟਾਂ ਪਈਆਂ। ਸਨਕੋਫਾ ਘਾਨਾ ਤੋਂ ਲਿਆ ਗਿਆ ਸ਼ਬਦ ਹੈ ਜਿਸ ਦਾ ਮਤਲਬ ਹੈ "ਵਾਪਿਸ ਜਾ ਕੇ ਹਾਸਲ ਕਰ।" ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਡੰਡਾਸ ਸਟੇਸ਼ਨ ਦਾ ਨਾਂ ਟੀਐਮਯੂ ਸਟੇਸ਼ਨ ਰੱਖਣ ਲਈ ਟੋਰਾਂਟੋ ਮੈਟਰੋਪੌਲੀਟਨ ਯੂਨੀਵਰਸਿਟੀ (ਟੀਐਮਯੂ) ਤੇ ਟੀਟੀਸੀ ਸਾਂਝੇ ਤੌਰ ਉੱਤੇ ਕੰਮ ਕਰਨਗੀਆਂ।

ਜ਼ਿਕਰਯੋਗ ਹੈ ਕਿ 2022 ਵਿੱਚ ਰਾਇਰਸਨ ਯੂਨੀਵਰਸਿਟੀ ਦੇ ਹੈੱਡ ਨੇ ਐਲਾਨ ਕੀਤਾ ਸੀ ਕਿ ਇਸ ਪੋਸਟ ਸੈਕੰਡਰੀ ਇੰਸਟੀਚਿਊਸ਼ਨ ਦਾ ਨਾਂ ਬਦਲ ਕੇ ਟੋਰਾਂਟੋ ਮੈਟਰੋਪੌਲੀਟਨ ਯੂਨੀਵਰਸਿਟੀ ਰੱਖਿਆ ਜਾਵੇਗਾ। ਰਾਇਰਸਨ ਨੂੰ ਮੁੱਖ ਤੌਰ ਉੱਤੇ ਇੰਡੀਜੀਨਸ ਬੱਚਿਆਂ ਨੂੰ ਆਪਣੇ ਪਰਿਵਾਰਾਂ ਤੋਂ ਵੱਖ ਕਰਨ ਵਾਲੇ ਸਿਸਟਮ ਦਾ ਮਾਸਟਰਮਾਈਂਡ ਮੰਨਿਆ ਜਾਂਦਾ ਹੈ।

# ਉਸਾਰੀ ਅਧੀਨ ਲਗਜ਼ਰੀ ਘਰ ਵਿੱਚ ਲੱਗੀ ਅੱਗ



ਨੌਰਥ ਯੌਰਕ, 14 ਦਸੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਨੌਰਥ ਯੌਰਕ ਵਿੱਚ ਇੱਕ ਉਸਾਰੀ ਅਧੀਨ ਲਗਜ਼ਰੀ ਘਰ ਵਿੱਚ ਲੱਗੀ ਅੱਗ ਉੱਤੇ ਕਾਬੂ ਪਾਉਣ ਲਈ ਫਾਇਰਫਾਈਟਰਜ਼ ਨੂੰ ਕਾਫੀ ਮਸ਼ੱਕਤ ਕਰਨੀ ਪੈ ਰਹੀ ਹੈ।

ਟੋਰਾਂਟੋ ਫਾਇਰ ਨੂੰ ਸਵੇਰੇ 6:00 ਵਜੇ ਇਹ ਜਾਣਕਾਰੀ ਦਿੱਤੀ ਗਈ ਕਿ ਬੇਅਵਿਊ ਤੇ ਯੌਰਕ ਮਿੱਲਜ਼ ਏਰੀਆ ਵਿੱਚ ਡੈਂਪਸੀ ਕ੍ਰੀਸੈਂਟ ਉੱਤੇ ਸਥਿਤ ਇੱਕ ਘਰ ਵਿੱਚ ਅੱਗ ਲੱਗ ਗਈ ਹੈ। ਜਦੋਂ ਫਾਇਰਫਾਈਟਰਜ਼ ਮੌਕੇ ਉੱਤੇ ਪਹੁੰਚੇ ਤਾਂ ਤਿੰਨ ਮੰਜ਼ਿਲਾ ਇਹ ਉਸਾਰੀ ਅਧੀਨ ਘਰ ਪੂਰੀ ਤਰ੍ਹਾਂ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ। ਪੈਰਾਮੈਡਿਕਸ ਨੇ ਦੱਸਿਆ ਕਿ ਅੱਗ ਲੱਗਣ ਸਮੇਂ ਘਰ ਵਿੱਚ ਕੋਈ ਵੀ ਮੌਜੂਦ ਨਹੀਂ ਸੀ ਤੇ ਨਾਲ ਲੱਗਦੇ ਘਰਾਂ ਨੂੰ ਵੀ ਖਾਲੀ ਕਰਵਾ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ।

ਘਰ ਦਾ ਬਾਹਰੀ ਢਾਂਚਾ ਹੀ ਖੜ੍ਹਾ ਹੋਇਆ ਮਹਿਸੂਸ ਹੋ ਰਿਹਾ ਸੀ ਤੇ ਅੰਦਰੋਂ ਸਾਰਾ ਘਰ ਤਬਾਹ ਹੋ ਚੁੱਕਿਆ ਸੀ। ਖਬਰ ਲਿਖੇ ਜਾਣ ਤੱਕ ਵੀ ਘਰ ਵਿੱਚ ਅੱਗ ਲੱਗੀ ਹੋਈ ਸੀ ਤੇ ਕਈ ਐਮਰਜੰਸੀ ਗੱਡੀਆਂ ਮੌਕੇ ਉੱਤੇ ਮੌਜੂਦ ਸਨ।

# ਇੱਕ ਵਿਅਕਤੀ ਦੇ ਗਲੇ ਉੱਤੇ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਕਈ ਵਾਰ




ਓਨਟਾਰੀਓ, 14 ਦਸੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਲੈਸਲੀਵਿੱਲ ਵਿੱਚ ਕਈ ਵਾਰੀ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰਾਂ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਸਵੇਰੇ 1:35 ਦੇ ਨੇੜੇ ਤੇੜੇ ਗੇਰ-ਰਾਡ ਸਟਰੀਟ ਤੇ ਗ੍ਰੀਨਵੁੱਡ ਐਵਨਿਊ ਇਲਾਕੇ ਵਿੱਚ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤੇ ਗਏ ਉਸ ਨੇ ਗ੍ਰੀਨਵੁੱਡ ਐਵਨਿਊ ਉੱਤੇ ਸਥਿਤ ਇੱਕ ਬਿਲਡਿੰਗ ਵਿੱਚ ਪਨਾਹ ਲੈ ਲਈ।

ਪੈਰਾਮੈਡਿਕਸ ਨੇ ਦੱਸਿਆ ਕਿ ਇਸ ਵਿਅਕਤੀ ਦੇ ਗਲੇ ਉੱਤੇ ਕਈ ਵਾਰ ਕੀਤੇ ਗਏ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਸੰਭਾਵੀ ਮਸ਼ਕੂਕ ਟੀਨੇਜਰ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

MagGas Medical Brampton
MGM MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਰਹਿਣਾ ਚੁੱਪ ਗਵਰਨਰ ਨਹੀਂ ਸ਼ੁਰੂ ਕੀਤਾ,
ਦਾਗਿਆ ਨਵਾਂ ਇੱਕ ਹੋਰ ਬਿਆਨ ਮੀਆਂ।
ਨਸ਼ੀਲੇ ਪਦਾਰਥ ਦਾ ਉਨ੍ਹਾਂ ਨੇ ਚੁੱਕ ਮੁੱਦਾ,
ਸੁਣਿਆ ਕੀਤੀ ਹੈ ਹਾਲਤ ਬਿਆਨ ਮੀਆਂ।
ਪਿਛਲੀ ਸਰਕਾਰ ਦੌਰਾਨ ਉਹ ਸਨ ਏਥੇ,
ਨਹੀਂਉਂ ਕੀਤਾ ਸੀ ਕਦੀ ਧਿਆਨ ਮੀਆਂ।
ਚਰਚਾ ਲੋਕਾਂ ਵਿੱਚ ਸੁਣੀਂਦੀ ਹੋਰ ਤਰ੍ਹਾਂ ਦੀ,
ਪਛੇਤਾ ਆਇਆ ਈ ਬੜਾ ਗਿਆਨ ਮੀਆਂ।
ਲੋਕੀਂ ਕਹਿੰਦੇ ਈ ਇਹ ਨਹੀਂ ਅਸਲ ਮੁੱਦਾ,
ਅਗਲੀ ਚੱਲਦੀ ਸਿਆਸਤ ਹੈ ਦਾਅ ਮੀਆਂ।
ਕੀਹਦੀ ਤਾਰ'ਤੇ ਕੱਢੇ ਬਈ ਸੁਰਾਂ ਕਿਹੜਾ,
ਕਦੀ ਵੀ ਰਿਹਾ ਨਹੀਂ ਰਤਾ ਲੁਕਾਅ ਮੀਆਂ।

**ਤੀਸ ਮਾਰ ਖਾਂ**

# ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਲਾਉਣ ਦੇ ਮਾਸਟਰਮਾਈਂਡ ਲਲਿਤ ਝਾਅ ਨੇ ਕੀਤਾ ਆਤਮ ਸਮਰਪਣ



ਨਵੀਂ ਦਿੱਲੀ, 14 ਦਸੰਬਰ (ਪੋਸਟ ਬਿਊਰੋ): ਸੰਸਦ ਦੀ ਸੁਰੱਖਿਆ ਨੂੰ ਤੋੜਨ ਦੇ ਮਾਸਟਰਮਾਈਂਡ ਲਲਿਤ ਝਾਅ ਨੇ ਦਿੱਲੀ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਮੁਲਜ਼ਮ ਲਲਿਤ ਝਾਅ ਨੇ ਵੀਰਵਾਰ ਦੇਰ ਰਾਤ ਆਤਮ ਸਮਰਪਣ ਕਰ ਦਿੱਤਾ। ਲਲਿਤ ਝਾਅ ਨੇ ਦੋ ਨੌਜਵਾਨਾਂ ਵੱਲੋਂ ਲੋਕ ਸਭਾ ਦੇ ਅੰਦਰ ਹੰਗਾਮਾ ਕਰਨ ਅਤੇ ਕਲਰ ਸਮੋਕ ਸਪਰੇਅ ਛੱਡਣ ਦਾ ਵੀਡੀਓ ਸ਼ੇਅਰ ਕੀਤਾ ਸੀ। ਇਸ ਮਾਮਲੇ 'ਚ 4 ਮੁਲਜ਼ਮਾਂ ਨੂੰ 7 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

ਸੰਸਦ ਭਵਨ 'ਤੇ ਹਮਲੇ ਦੀ 22ਵੀਂ ਵਰ੍ਹੇਗੰਢ 'ਤੇ ਲੋਕ ਸਭਾ 'ਚ ਦਾਖਲ ਹੋ ਕੇ ਧੂੰਏਂ ਨਾਲ ਗੰਨ ਚਲਾਉਣ ਦੀ ਸਾਜ਼ਿਸ਼ ਲਲਿਤ ਝਾਅ ਦੀ ਹੀ ਸੀ। ਪੁਲਸ ਨੇ ਬੁੱਧਵਾਰ ਨੂੰ ਹੀ ਉਸ ਦੇ ਚਾਰ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਪਰ ਮਾਸਟਰਮਾਈਂਡ ਲਲਿਤ ਝਾਅ ਫਰਾਰ ਸੀ। ਲਲਿਤ ਝਾਅ ਨੇ ਮਹੇਸ਼ ਨਾਂ ਦੇ ਵਿਅਕਤੀ ਦੇ ਨਾਲ ਕਰਤੱਵ ਪਥ ਥਾਣੇ ਪਹੁੰਚ ਕੇ ਆਤਮ ਸਮਰਪਣ ਕਰ ਦਿੱਤਾ। ਨਵੀਂ ਦਿੱਲੀ ਜ਼ਿਲ੍ਹਾ ਪੁਲਿਸ ਨੇ ਉਸ ਨੂੰ ਸਪੈਸ਼ਲ ਸੈੱਲ ਦੇ ਹਵਾਲੇ ਕਰ ਦਿੱਤਾ ਹੈ।

ਪੁਲਸ ਰਿਪੋਰਟ ਮੁਤਾਬਕ ਲਲਿਤ ਝਾਅ ਨੇ ਇਸ ਸਾਜ਼ਿਸ਼ 'ਚ ਸ਼ਾਮਲ ਲੋਕਾਂ ਨੂੰ ਗੁਰੂਗ੍ਰਾਮ 'ਚ ਮੀਟਿੰਗ ਲਈ ਬੁਲਾਇਆ। ਹਮਲੇ ਤੋਂ ਪਹਿਲਾਂ ਲਲਿਤ ਝਾਅ ਨੇ ਸਾਰਿਆਂ ਦੇ ਮੋਬਾਈਲ ਫੋਨਾਂ ਤੋਂ ਸਾਰੇ ਸਬੂਤ ਮਿਟਾ ਦਿੱਤੇ ਸਨ। ਇਸ ਤੋਂ ਬਾਅਦ ਉਹ ਫਰਾਰ ਹੋ ਗਿਆ। ਲਲਿਤ ਝਾਅ ਦੀ ਲੋਕੇਸ਼ਨ ਆਖਰੀ ਵਾਰ ਰਾਜਸਥਾਨ ਦੇ ਨੀਮਰਾਨਾ ਵਿੱਚ ਲੱਭੀ ਗਈ ਸੀ। ਜਾਣਕਾਰੀ ਮੁਤਾਬਕ ਲਲਿਤ ਝਾਅ ਆਦਿਵਾਸੀਆਂ ਲਈ ਕੰਮ ਕਰਨ ਵਾਲੀ ਇੱਕ ਐਨਜੀਓ ਨਾਲ ਜੁੜਿਆ ਹੋਇਆ ਸੀ।

## ਹੈਦਰਾਬਾਦ 'ਚ ਗੈਸ ਲੀਕ ਹੋਣ ਕਾਰਨ ਬੇਕਰੀ 'ਚ ਲੱਗੀ ਭਿਆਨਕ ਅੱਗ, 15 ਝੁਲਸੇ



ਹੈਦਰਾਬਾਦ, 14 ਦਸੰਬਰ (ਪੋਸਟ ਬਿਊਰੋ): ਹੈਦਰਾਬਾਦ ਦੀ ਇੱਕ ਮਸ਼ਹੂਰ ਬੇਕਰੀ ਵਿੱਚ ਵੀਰਵਾਰ ਨੂੰ ਗੈਸ ਲੀਕ ਹੋਣ ਕਾਰਨ ਅੱਗ ਲੱਗ ਗਈ। ਇਸ ਦੌਰਾਨ ਕਰੀਬ 15 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਪੁਲਿਸ ਅਨੁਸਾਰ ਇਹ ਘਟਨਾ ਉਦੋਂ ਵਾਪਰੀ ਜਦੋਂ ਮਜ਼ਦੂਰਾਂ ਦਾ ਇੱਕ ਸਮੂਹ ਬੇਕਿੰਗ ਵਿੱਚ ਲੱਗਾ ਹੋਇਆ ਸੀ ਜਦੋਂ ਪਾਈਪ ਵਿਚੋਂ ਗੈਸ ਲੀਕ ਹੋ ਗਈ, ਜਿਸ ਕਾਰਨ ਅੱਗ ਲੱਗ ਗਈ।

ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਜ਼ਖਮੀਆਂ 'ਚੋਂ 10 ਨੂੰ ਕੰਚਨਬਾਗ ਦੇ ਇਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪੰਜ ਹੋਰਾਂ ਦਾ ਸ਼ਮਸ਼ਾਬਾਦ ਦੇ ਇੱਕ ਹੋਰ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਇਸ ਘਟਨਾ 'ਚ ਦੋ ਲੋਕ ਗੰਭੀਰ ਜ਼ਖਮੀ ਹੋ ਗਏ ਹਨ। ਹਾਲਾਂਕਿ ਅੱਗ 'ਤੇ ਕਾਬੂ ਪਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਜ਼ਖ਼ਮੀ ਮਜ਼ਦੂਰਾਂ ਵਿੱਚੋਂ ਜ਼ਿਆਦਾਤਰ ਉੱਤਰ ਪ੍ਰਦੇਸ਼ ਦੇ ਵਸਨੀਕ ਹਨ। ਇਸ ਦੌਰਾਨ ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਨੇ ਸਿਹਤ ਅਧਿਕਾਰੀਆਂ ਨੂੰ ਜ਼ਖਮੀਆਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਸ਼੍ਰੀਲੰਕਾਈ ਨੇਵੀ ਨੇ ਛੇ ਭਾਰਤੀ ਮਛੇਰਿਆਂ ਨੂੰ ਫੜ੍ਹਿਆ, ਇੱਕ ਹਫ਼ਤੇ ਅੰਦਰ ਵਾਪਰੀ ਅਜਿਹੀ ਦੂਜੀ ਘਟਨਾ



ਚੇਨੱਈ, 14 ਦਸੰਬਰ (ਪੋਸਟ ਬਿਊਰੋ): ਤਾਮਿਲਨਾਡੂ ਦੇ 6 ਭਾਰਤੀ ਮਛੇਰਿਆਂ ਨੂੰ ਸ਼੍ਰੀਲੰਕਾ ਦੇ ਕਨਕੇਸੰਤੁਰਾਈ ਖੇਤਰ ਨੇੜੇ ਉਨ੍ਹਾਂ ਦੇ ਟਰਾਲੇ ਸਮੇਤ ਸ਼੍ਰੀਲੰਕਾ ਦੀ ਜਲ ਸੈਨਾ ਨੇ ਹਿਰਾਸਤ ਵਿੱਚ ਲਿਆ। ਫੜ੍ਹੇ ਗਏ ਸਾਰੇ ਮਛੇਰੇ ਅੰਤਰਰਾਸ਼ਟਰੀ ਪਾਣੀਆਂ ਵਿਚ ਮੱਛੀਆਂ ਫੜ੍ਹ ਰਹੇ ਸਨ।

ਸ਼੍ਰੀਲੰਕਾਈ ਜਲ ਸੈਨਾ ਦੇ ਅਨੁਸਾਰ, ਮਛੇਰੇ ਕਥਿਤ ਤੌਰ 'ਤੇ ਸ਼ਿਕਾਰਾ ਵਿੱਚ ਸ਼ਾਮਲ ਸਨ, ਜਿਸ ਕਾਰਨ ਉਨ੍ਹਾਂ ਨੂੰ ਬੁੱਧਵਾਰ ਨੂੰ ਵਿਸ਼ੇਸ਼ ਆਪ੍ਰੇਸ਼ਨ ਤੋਂ ਬਾਅਦ ਕਰੀਨਗਰ ਦੇ ਕੋਵਿਲਾਨ ਲਾਈਟਹਾਊਸ ਤੋਂ ਹਿਰਾ-ਸਤ ਵਿੱਚ ਲਿਆ ਗਿਆ।

ਸਥਾਨਕ ਮਛੇਰਿਆਂ ਦੀ ਰੋਜ਼ੀ-ਰੋਟੀ ਅਤੇ ਦੇਸ਼ ਦੇ ਸਮੁੰਦਰੀ ਸਰੋਤਾਂ 'ਤੇ ਇਨ੍ਹਾਂ ਅਭਿਆਸਾਂ ਦੇ ਨਤੀਜਿਆਂ ਨੂੰ ਧਿਆਨ ਵਿਚ ਰੱਖਦੇ ਹੋਏ, ਨੇਵੀ ਨੇ ਵਿਦੇਸ਼ੀ ਮੱਛੀ ਫੜ੍ਹਨ ਵਾਲੇ ਟਰਾਲੀਆਂ ਦੁਆਰਾ ਗੈਰ ਕਾਨੂੰਨੀ ਮੱਛੀ ਫੜ੍ਹਨ ਦੇ ਅਭਿਆਸਾਂ ਨੂੰ ਰੋਕਣ ਲਈ ਸ਼੍ਰੀਲੰਕਾ ਦੇ ਪਾਣੀਆਂ ਵਿਚ ਨਿਯਮਤ ਗਸ਼ਤ ਅਤੇ ਕਾਰਵਾਈਆਂ ਜਾਰੀ ਰੱਖੀਆਂ ਹਨ।

ਛੇ ਮਛੇਰੇ ਤਾਮਿਲਨਾਡੂ ਦੇ ਪੁਡੁੱਕੋਟਈ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਛੇ ਵਿੱਚੋਂ ਪੰਜ ਮਛੇਰਿਆਂ ਦੀ ਪਛਾਣ ਹੋ ਗਈ ਹੈ, ਜਿਨ੍ਹਾਂ ਦੇ ਨਾਂ ਨਰੇਸ਼ (27), ਆਨੰਦਬਾਬੂ (25), ਅਜੈ (24), ਨੰਦਕੁਮਾਰ (28) ਅਤੇ ਅਜੀਤ (26) ਹਨ, ਜਦਕਿ ਛੇਵੇਂ ਵਿਅਕਤੀ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

## ਆਸਟ੍ਰੇਲੀਆ 'ਚ ਹਿੰਦੂ ਮੰਦਰਾਂ 'ਤੇ ਲਗਾਤਾਰ ਹੋ ਰਹੇ ਹਮਲੇ, ਭਾਰਤ ਸਰਕਾਰ ਨੇ ਜਤਾਈ ਚਿੰਤਾ



ਮੈਲਬਰਨ, 14 ਦਸੰਬਰ (ਪੋਸਟ ਬਿਊਰੋ): ਆਸਟ੍ਰੇਲੀਆ 'ਚ ਹਿੰਦੂ ਮੰਦਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਭਾਰਤ ਸਰਕਾਰ ਨੇ ਵੀ ਇਸ 'ਤੇ ਆਸਟ੍ਰੇਲੀਆ ਨੂੰ ਆਪਣੀ ਚਿੰਤਾ ਜ਼ਾਹਰ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸੰਮੇਲਨ ਦੌਰਾਨ ਭਾਰਤ ਆਏ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਕੋਲ ਖੁਦ ਇਹ ਚਿੰਤਾ ਪ੍ਰਗਟਾਈ ਸੀ ਅਤੇ ਇਸ ਸਬੰਧੀ ਲੋੜੀਂਦੀ ਕਾਰਵਾਈ ਦੀ ਅਪੀਲ ਕੀਤੀ ਸੀ। ਆਸਟ੍ਰੇਲੀਆ 'ਚ ਹਿੰਦੂ ਮੰਦਰ 'ਤੇ ਹੋਏ ਹਮਲੇ 'ਤੇ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ ਫਿਲਿਪ ਗ੍ਰੀਨ ਦਾ ਬਿਆਨ ਆਇਆ ਹੈ। ਫਿਲਿਪ ਗ੍ਰੀਨ ਦਾ ਕਹਿਣਾ ਹੈ, 'ਤੁਸੀਂ ਹਿੰਦੂ ਮੰਦਰਾਂ ਦੇ ਸਬੰਧ ਵਿਚ ਜਿਸ ਤਰ੍ਹਾਂ ਦੀਆਂ ਕਾਰਵਾਈਆਂ ਦੀ ਗੱਲ ਕਰ ਰਹੇ ਹੋ, ਅਸੀਂ ਉਸ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਜਿਵੇਂ ਕਿ ਅਸੀਂ ਆਪਣੇ ਸਮਾਜ ਵਿਚ ਕਿਸੇ ਵੀ ਧਾਰਮਿਕ ਤੱਤ ਦੇ ਸਬੰਧ ਵਿਚ ਕੋਈ ਕਾਰਵਾਈ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਸ ਨਾਲ ਨਜਿੱਠਣ ਦਾ ਸਾਡੇ ਕੋਲ ਕਾਫੀ ਤਜ਼ਰਬਾ ਹੈ। ਸਾਡੀ ਪੁਲਿਸ ਅਤੇ ਖੁਫੀਆ ਏਜੰਸੀਆਂ ਅਤੇ ਵੱਖ-ਵੱਖ ਏਜੰਸੀਆਂ ਅਤੇ ਰਾਜ ਦੇ ਅਧਿਕਾਰੀ ਇਸ 'ਤੇ ਡੂੰਘਾਈ ਨਾਲ ਧਿਆਨ ਦੇ ਰਹੇ ਹਨ।

ਫਿਲਿਪ ਨੇ ਕਿਹਾ, 'ਤੁਸੀਂ ਸ਼ਾਇਦ ਦੇਖਿਆ ਹੋਵੇਗਾ ਕਿ ਸਾਡੇ ਦੇਸ਼ ਵਿਚ, ਇਹ ਅਸਲ ਵਿਚ ਪਰੇਸ਼ਾਨ ਕਰਨ ਵਾਲੀ ਜਾਂ ਗੰਭੀਰ ਚੀਜ਼ ਵਿੱਚ ਨਹੀਂ ਬਦਲਿਆ ਹੈ ਅਤੇ ਇਹ ਪੂਰੀ ਤਰ੍ਹਾਂ ਨਾਲ ਕੋਈ ਇਤਫ਼ਾਕ ਨਹੀਂ ਹੈ।' ਇਹ ਮੁੱਖ ਤੌਰ 'ਤੇ ਇਸ ਲਈ ਹੈ ਕਿਉਂਕਿ ਅਸੀਂ ਸਰਕਾਰ ਵਿੱਚ ਇਸ ਨੂੰ ਗੰਭੀਰਤਾ ਨਾਲ ਅਤੇ ਸਿੱਧੇ ਤੌਰ 'ਤੇ ਲੈਂਦੇ ਹਾਂ। ਅਸੀਂ ਉਨ੍ਹਾਂ ਸਮੱਸਿਆਵਾਂ ਨਾਲ ਨਜਿੱਠਦੇ ਹਾਂ ਜੋ ਸਾਨੂੰ ਮਿਲਦੀਆਂ ਹਨ।' ਆਸਟ੍ਰੇਲੀਆ 'ਚ ਹਿੰਦੂ ਮੰਦਰਾਂ 'ਤੇ ਹਮਲੇ ਵਧੇ ਹਨ। ਖਾਸ ਗੱਲ ਇਹ ਹੈ ਕਿ ਹਾਲ ਹੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸਟ੍ਰੇਲੀਆ ਦੌਰੇ ਤੋਂ ਠੀਕ ਪਹਿਲਾਂ ਸਿਡਨੀ 'ਚ ਇਕ ਵੱਡੇ ਹਿੰਦੂ ਮੰਦਰ 'ਤੇ ਹਮਲਾ ਹੋਇਆ ਸੀ। ਹਾਈ ਕਮਿਸ਼ਨਰ ਹਮਲਿਆਂ ਨੂੰ ਬੇਅਸਰ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ।

## ਵਿਸ਼ਾਖਾਪਟਨਮ ਵਿਚ ਹਸਪਤਾਲ 'ਚ ਲੱਗੀ ਭਿਆਨਕ ਅੱਗ, ਪੌੜੀ ਲਗਾ ਕੇ ਮਰੀਜ਼ਾਂ ਨੂੰ ਕੱਢਿਆ ਗਿਆ ਬਾਹਰ

ਵਿਸ਼ਾਖਾਪਟਨਮ, 14 ਦਸੰਬਰ (ਪੋਸਟ ਬਿਊਰੋ): ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਦੇ ਇੱਕ ਹਸਪਤਾਲ ਵਿੱਚ ਵੀਰਵਾਰ ਨੂੰ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ ਹਸਪਤਾਲ ਵਿੱਚ ਹਫੜਾ-ਦਫੜੀ ਮਚ ਗਈ। ਹਸਪਤਾਲ ਦੇ ਆਪਰੇਸ਼ਨ ਥੀਏਟਰ ਵਿੱਚ ਅੱਗ ਲੱਗੀ ਅਤੇ ਇਸ ਤੋਂ ਬਾਅਦ ਕੁਝ ਸਟਾਫ਼ ਮੈਂਬਰਾਂ ਅਤੇ ਇੱਥੋਂ ਤੱਕ ਕਿ ਕੁਝ ਮਰੀਜ਼ਾਂ ਨੂੰ ਪ੍ਰਵੇਸ਼ ਦੁਆਰ ਦੀਆਂ ਪੌੜੀਆਂ ਰਾਹੀਂ ਹੇਠਾਂ ਲਿਆਂਦਾ ਗਿਆ। ਅੱਗ ਲੱਗਣ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਫਿਲਹਾਲ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਸਾਰੇ ਮਰੀਜ਼ਾਂ ਨੂੰ ਸਫਲਤਾਪੂਰਵਕ ਬਾਹਰ ਕੱਢ ਲਿਆ ਗਿਆ ਹੈ।

ਵਿਸ਼ਾਖਾਪਟਨਮ ਦੇ ਜਗਦੰਬਾ ਜੰਕਸ਼ਨ ਸਥਿਤ ਇੰਡਸ ਹਸਪਤਾਲ 'ਚ ਅੱਗ ਲੱਗੀ ਸੀ। ਘਟਨਾ ਵਾਲੀ ਥਾਂ 'ਤੇ ਇਮਾਰਤ ਤੋਂ ਕਾਲਾ ਧੂੰਆਂ ਨਿਕਲਦਾ ਦਿਖਾਈ ਦੇ ਦਿੱਤਾ। ਅੱਗ ਤਿੰਨ ਮੰਜ਼ਿਲਾਂ ਤੱਕ ਫੈਲ ਗਈ।

ਵਿਸ਼ਾਖਾਪਟਨਮ ਦੇ ਪੁਲਿਸ ਕਮਿਸ਼ਨਰ ਏ ਰਵੀ ਸ਼ੰਕਰ ਨੇ ਦੱਸਿਆ ਕਿ ਅੱਗ ਸਵੇਰੇ ਕਰੀਬ 11 ਵਜੇ ਇੱਕ ਆਪ੍ਰੇਸ਼ਨ ਥੀਏਟਰ ਵਿੱਚ ਲੱਗੀ। ਉਨ੍ਹਾਂ ਕਿਹਾ ਕਿ ਸਾਰੇ 57 ਮਰੀਜ਼ਾਂ ਨੂੰ ਹਸਪਤਾਲ ਤੋਂ ਬਾਹਰ ਕੱਢ ਲਿਆ ਗਿਆ ਹੈ। ਉਸ ਸਮੇਂ ਮੌਕੇ 'ਤੇ ਮੌਜੂਦ ਡਾਕਟਰਾਂ, ਨਰਸਾਂ ਅਤੇ ਹੋਰ ਸਟਾਫ਼ ਮੈਂਬਰਾਂ ਨੂੰ ਵੀ ਹਸਪਤਾਲ ਤੋਂ ਬਾਹਰ ਕੱਢ ਲਿਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜੇਕਰ ਬਚਪਨ ਤੋਂ ਹੀ ਬੱਚਤ ਕਰਨਾ ਸਿੱਖ ਲਈਏ

-ਪ੍ਰਿੰਸੀਪਲ ਰੰਧਾਵਾ ਸਿੰਘ



ਹਰ ਇਨਸਾਨ ਆਪਣਾ ਜੀਵਨ ਵਧੀਆ ਤਰੀਕੇ ਬਤੀਤ ਕਰਨ ਲਈ ਕੋਈ ਨਾ ਕੋਈ ਕਿੱਤਾ ਅਪਣਾਉਂਦਾ ਹੈ, ਜਿਸਦੀ ਕਮਾਈ ਉਸਦੀਆਂ ਦਿਨ-ਪ੍ਰਤੀਦਿਨ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਇਸ ਕਮਾਈ ਵਿੱਚੋਂ ਉਹ ਆਪਣੀ ਵਿੱਤ ਅਨੁਸਾਰ ਕੁਝ ਨਾ ਕੁਝ ਰਕਮ ਚੰਗੇ-ਮਾੜੇ ਸਮੇਂ ਲਈ ਬੱਚਤ ਦੇ ਰੂਪ ਵਿੱਚ ਜੋੜਕੇ ਵੀ ਰੱਖਦਾ ਹੈ। ਬੱਚਤ, ਜੋ ਕਿ ਹਰ ਇੱਕ ਇਨਸਾਨ ਲਈ ਬਹੁਤ ਜ਼ਰੂਰੀ ਹੈ, ਦੇ ਵੱਖੋ-ਵੱਖਰੇ ਰੂਪ ਹਨ। ਜਿਵੇਂ ਐਫ.ਡੀ., ਪੀ.ਪੀ.ਐਫ.,ਜੀ.ਪੀ.ਐਫ. ,ਐਨ.ਪੀ.ਐਸ., ਆਰ. ਡੀ. ਆਦਿ। ਸਮੇਂ ਅਤੇ ਸਾਧਨਾਂ ਵਿੱਚ ਤਬਦੀਲੀ ਆਉਣ ਨਾਲ ਬੱਚਤ ਦੇ ਇਹ ਅਨੇਕਾਂ ਰੂਪ ਹੋਂਦ ਵਿੱਚ ਆਏ ਹਨ। ਬੱਚਤ ਕਰਨ ਦੀ ਪ੍ਰਵਿਰਤੀ ਕਈ ਵਾਰ ਮਨੁੱਖ ਵਿੱਚ ਬਚਪਨ ਤੋਂ ਹੀ ਦੇਖਣ ਨੂੰ ਮਿਲਦੀ ਹੈ ਜਦੋਂ ਬੱਚੇ ਘਰ ਵਿੱਚ ਆਏ ਕਿਸੇ ਰਿਸ਼ਤੇਦਾਰ ਜਾਂ ਮਹਿਮਾਨ ਦੁਆਰਾ ਪਿਆਰ ਵਜੋਂ ਮਿਲੇ ਪੈਸਿਆਂ ਨੂੰ ਆਪਣੀ ਬੁਗਨੀ ਜਾਂ ਗੁੱਲਕ ਵਿੱਚ ਪਾ ਲੈਂਦੇ ਹਨ ਅਤੇ ਆਪਣੀਆਂ ਖਾਸ ਚੀਜ਼ਾਂ ਤੇ ਖਰਚ ਕਰਦੇ ਹਨ। ਕੁਝ ਅਜਿਹੀ ਹੀ ਆਦਤ ਮੇਰੀ ਵੀ ਸੀ, ਜਿਸਦੇ ਚੱਲਦਿਆਂ ਮੈਨੂੰ ਪੰਜ-ਪੰਜ ਰੁਪਏ ਦੇ ਸਿੱਕੇ ਇੱਕਠੇ ਕਰਨ ਦਾ ਸ਼ੌਂਕ ਸੀ।

ਮੈਂ ਲੱਕੜ ਦਾ ਇੱਕ ਗੁੱਲਕ ਬਣਾਇਆ ਹੋਇਆ ਸੀ, ਜਿਸ ਵਿੱਚ ਮੈਂ ਸਿੱਕੇ ਪਾ ਦਿੰਦਾ ਅਤੇ ਚਾਹੇ ਕਿੰਨੀ ਵੀ ਮਜ਼ਬੂਰੀ ਹੁੰਦੀ ਪਰ ਮੈਂ ਪੰਜ ਰੁਪਏ ਦਾ ਸਿੱਕਾ ਖਰਚ ਨਾ ਕਰਦਾ। ਹੌਲੀ-ਹੌਲੀ ਗੁੱਲਕ ਸਿੱਕਿਆਂ ਨਾਲ ਇੰਨਾ ਭਾਰੀ ਹੋ ਗਿਆ ਕਿ ਉਸਨੂੰ ਚੁੱਕਣਾ ਵੀ ਔਖਾ ਹੋ ਗਿਆ ਸੀ। ਪਹਿਲਾਂ-ਪਹਿਲਾਂ ਮੈ ਕਦੇ ਕਦੇ ਸਿੱਕੇ ਗਿਣ ਲੈਂਦਾ ਸੀ, ਪਰ ਜ਼ਿਆਦਾ ਹੋਣ ਕਰਕੇ ਫੇਰ ਮੈਂ ਗਿਣਨੇ ਵੀ ਛੱਡ ਦਿੱਤੇ। ਬਚਪਨ ਦਾ ਇਹ ਸ਼ੌਂਕ ਬੜੇ ਹੋਣ ਤੱਕ ਵੀ ਜਾਰੀ ਰਿਹਾ ਤੇ ਹੋਇਆ ਇੰਝ ਕਿ ਜਦੋਂ ਮੇਰੀ ਹਮਸਫ਼ਰ ਮੇਰੀ ਪਤਨੀ ਨੂੰ ਵਿਆਹ ਤੋਂ ਬਾਅਦ ਪੜ੍ਹਾਈ ਜਾਰੀ ਰੱਖਦਿਆਂ ਬੀ.ਐੱਡ. ਵਿੱਚ ਲੁਧਿਆਣਾ ਵਿਖੇ ਇੱਕ ਕਾਲਜ ਵਿੱਚ ਦਾਖਲਾ ਮਿਲਿਆ ਤਾਂ ਫੀਸ 18000 ਰੁਪਏ ਭਰਨੀ ਸੀ ਅਤੇ ਮੈਂ ਇਹਨਾਂ ਸਿੱਕਿਆਂ ਨਾਲ ਹੀ 13000 ਰੁਪਏ ਫੀਸ ਭਰੀ। ਅਜਿਹਾ ਕਰਦਿਆਂ ਮਨ ਨੂੰ ਇੱਕ ਵੱਖਰਾ ਹੀ ਸਕੂਨ ਜਿਹਾ ਮਿਲਿਆ ਕਿ ਮੇਰੀ ਭਲੇ ਵੇਲ਼ੇ ਕੀਤੀ ਬੱਚਤ ਕਿਸੇ ਅਰਥ ਲੱਗ ਗਈ ਸੀ। ਆਪਣੀ ਨੌਕਰੀ ਦੌਰਾਨ ਬੱਚਿਆਂ ਨਾਲ ਵਿਚਰਦਿਆਂ ਮੈਂ ਦੇਖਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਲਿਆਂਵਾਲੀ ਬਠਿੰਡਾ ਦੀਆਂ ਕੁੜੀਆਂ ਸਾਰਾ ਸਾਲ ਪੈਸੇ ਇਕੱਠੇ ਕਰਦੀਆਂ ਸਨ। ਇੱਥੋਂ ਤੱਕ ਕਿ ਉਹ ਦਿਵਾਲੀ 'ਤੇ ਪਟਾਕਿਆਂ ਲਈ ਮਿਲੇ ਪੈਸੇ ਵੀ ਇਕੱਠੇ ਕਰ ਲੈਂਦੀਆਂ ਸਨ।

ਇਸ ਦੇ ਉਲਟ ਮੁੰਡੇ ਬੱਚਤ ਘੱਟ ਕਰਦੇ ਸਨ ਅਤੇ ਸਾਰੇ ਰੁਪਏ ਪਟਾਕੇ ਖਰੀਦਣ ਵਿੱਚ ਉਡਾ ਦਿੰਦੇ ਸਨ। ਆਪਣੀ ਇਸ ਬੱਚਤ ਸਦਕਾ ਕੁੜੀਆਂ ਦਸੰਬਰ ਦੀਆਂ ਛੁੱਟੀਆਂ ਵਿੱਚ ਸ਼ਿਮਲਾ ਤਿੰਨ-ਚਾਰ ਦਿਨ ਦੇ ਵਿੱਦਿਅਕ ਸਕੂਲ ਟੂਰ ਤੇ ਜਾਂਦੀਆਂ ਤੇ ਮਾਪੇ ਵੀ ਖੁਸ਼ੀ-ਖੁਸ਼ੀ ਆਪਣੀਆਂ ਬੱਚੀਆਂ ਨੂੰ ਆਗਿਆ ਦੇ ਦਿੰਦੇ ਕਿਉਂ ਜੋ ਉਹ ਅਜਿਹਾ ਆਪਣੀ ਖੁਦ ਦੀ ਬੱਚਤ ਦੇ ਪੈਸਿਆਂ ਵਿੱਚੋਂ ਕਰਦੀਆਂ ਤੇ ਵਿੱਦਿਅਕ ਟੂਰ ਹੋਣ ਕਾਰਨ ਕੁਝ ਨਾ ਕੁਝ ਨਵਾਂ ਸਿੱਖਦੀਆਂ। ਇਹ ਵੀ ਬੱਚਤ ਦਾ ਸਹੀ ਇਸਤੇਮਾਲ ਸੀ। ਬੱਚਤ ਕਰਨਾ ਇੱਕ ਵਧੀਆ ਗੁਣ ਹੈ, ਕੇਵਲ ਇੱਕ-ਇੱਕ ਇਨਸਾਨ ਨਹੀਂ ਸਗੋਂ ਸਰਕਾਰ ਵੀ ਉਹੋ ਹੀ ਕਾਮਯਾਬ ਅਤੇ ਹਰਮਨ ਪਿਆਰੀ ਹੁੰਦੀ ਹੈ ਜੋ ਆਪਣਾ ਸਾਲਾਨਾ ਬਜਟ ਬੱਚਤ ਵਾਲਾ ਪੇਸ਼ ਕਰੇ। ਕਰੋਨਾ ਸਮੇਂ ਲੌਕਡਾਊਨ ਦੌਰਾਨ ਵੇਖਣ ਵਿੱਚ ਆਇਆ ਕਿ ਜਦੋਂ ਸਾਰੇ ਕਾਰੋਬਾਰ ਬੰਦ ਹੋ ਚੁੱਕੇ ਸਨ ਤਾਂ ਭਾਰਤ ਵਾਸੀਆਂ ਨੇ ਆਪਣੀ ਪਿਛਲੀ ਕੀਤੀ ਹੋਈ ਬੱਚਤ ਸਦਕਾ ਹੀ ਲੰਬਾ ਸਮਾਂ ਘਰ ਜਾਂ ਦੁਕਾਨ ਦਾ ਬੰਧਵਾ ਖਰਚਾ ਕੀਤਾ।

ਜੇਕਰ ਲੋਕਾਂ ਦੁਆਰਾ ਇਹ ਬੱਚਤ ਨਾ ਕੀਤੀ ਗਈ ਹੁੰਦੀ ਤਾਂ ਬਹੁਤ ਜ਼ਿਆਦਾ ਲੋਕ ਤਣਾਅ ਦਾ ਸ਼ਿਕਾਰ ਹੋ ਜਾਂਦੇ। ਬਾਹਰਲੇ ਮੁਲਕਾਂ ਵਿੱਚ ਲੋਕਾਂ ਵੱਲੋਂ ਬੱਚਤ ਬਹੁਤ ਘੱਟ ਕੀਤੀ ਜਾਂਦੀ ਹੈ, ਇਸ ਲਈ ਕਰੋਨਾ ਵੇਲੇ ਜਿਆਦਾਤਰ ਇਹ ਭਾਰਤ ਦੇ ਮੁਕਾਬਲੇ ਵਧੇਰੇ ਔਖੇ ਰਹੇ । ਇਸ ਤਰ੍ਹਾਂ ਬੱਚਤ ਕਰਨ ਨਾਲ ਜ਼ਿੰਦਗੀ ਸੁਖਾਲੀ ਰਹਿੰਦੀ ਹੈ ਅਤੇ ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਬੱਚਤ ਕਰਨ ਦੇ ਗੁਰ ਸਿਖਾ ਸਕਦੇ ਹਨ। ਇਸ ਤੋਂ ਇਲਾਵਾ ਮੈਨੂੰ ਲਗਦਾ ਹੈ ਕਿ ਇੱਕ ਅਧਿਆਪਕ ਦੇ ਤੌਰ ਤੇ ਬੱਚਿਆਂ ਦੀ ਸਖਸ਼ੀਅਤ ਉੱਪਰ ਆਪਣੇ ਮਨਪਸੰਦ ਅਧਿਆਪਕ ਦਾ ਵੀ ਬਹੁਤ ਪ੍ਰਭਾਵ ਹੁੰਦਾ ਹੈ, ਸੋ ਇੱਕ ਚੰਗਾ ਅਧਿਆਪਕ ਵੀ ਆਪਣੇ ਵਿਦਿਆਰਥੀਆਂ ਨੂੰ ਬੱਚਤ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ। ਸੋ, ਆਉ ਆਪਾਂ ਸਾਰੇ ਹੀ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਕੇ ਬੱਚਤ ਕਰਨ ਦੀ ਆਦਤ ਪਾਈਏ ਤਾਂ ਜੋ ਲੋੜ ਪੈਣ ਤੇ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਚਿਆ ਜਾ ਸਕੇ ਤੇ ਜ਼ਿੰਦਗੀ ਸੁਖਾਲੀ ਲੰਘ ਸਕੇ।

# ਅਣਗੌਲਿਆ ਆਜ਼ਾਦੀ ਘੁਲਾਟੀਆ : ਡਾ.ਗੁਰਦੇਵ ਸਿੰਘ ਸਿੱਧੂ ਦੀ ਪੁਸਤਕ 'ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ' ਦੇਸ਼ ਭਗਤੀ ਦਾ ਪ੍ਰਤੀਕ


ਉਜਾਗਰ ਸਿੰਘ
94178 13072

ਡਾ.ਗੁਰਦੇਵ ਸਿੰਘ ਸਿੱਧੂ ਵਿਦਵਾਨ, ਬੁੱਧੀਜੀਵੀ, ਖੋਜਕਾਰ ਅਤੇ ਸਿਰੜ੍ਹੀ ਵਿਅਕਤੀ ਹੈ, ਜਿਹੜਾ ਆਜ਼ਾਦੀ ਦੀ ਜਦੋਜਹਿਦ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੇ ਅਣਗੌਲੇ ਆਜ਼ਾਦੀ ਘੁਲਾਟੀਆਂ ਦੇ ਵਡਮੁੱਲੇ ਯੋਗਦਾਨ ਨੂੰ ਆਪਣੀਆਂ ਪੁਸਤਕਾਂ ਰਾਹੀਂ ਇਤਿਹਾਸ ਦਾ ਹਿੱਸਾ ਬਣਾ ਰਿਹਾ ਹੈ। ਉਸ ਦੀਆਂ ਵੱਖ-ਵੱਖ ਵਿਸ਼ਿਆਂ 'ਤੇ ਤਿੰਨ ਦਰਜਨ ਪੁਸਤਕਾਂ ਹੁਣ ਤੱਕ ਪ੍ਰਕਾਸ਼ਤ ਹੋਈਆਂ ਹਨ। ਅਣਗੌਲੇ ਆਜ਼ਾਦੀ ਘੁਲਾਟੀਆਂ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਦੀ ਲੜੀ ਵਿੱਚ ਇਹ ਉਨ੍ਹਾਂ ਦੀ ਦੂਜੀ ਪੁਸਤਕ ਹੈ। ਪਹਿਲੀ ਪੁਸਤਕ 'ਅਣਗੌਲਿਆ ਆਜ਼ਾਦੀ ਘੁਲਾਟੀਆ ਗ਼ਦਰੀ ਬਾਬਾ ਨਿਧਾਨ ਸਿੰਘ ਮਹੇਸਰੀ' ਪ੍ਰਕਾਸ਼ਤ ਹੋਈ ਸੀ। ਗੱਜਣ ਸਿੰਘ ਦੀਆਂ ਇਨਕਲਾਬੀ ਸਰਗਰਮੀਆਂ ਬਾਰੇ ਡਾ.ਗੁਰਦੇਵ ਸਿੰਘ ਸਿੱਧੂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਜਾਣਕਾਰੀ ਦਿੱਤੀ ਹੈ।

ਇਹ ਉਨ੍ਹਾਂ ਦਾ ਨਿਵੇਕਲਾ ਕਾਰਜ ਹੈ। ਇਸ ਤੋਂ ਪਹਿਲਾਂ ਇਤਿਹਾਸ ਦੇ ਵਿਦਿਆਰਥੀਆਂ ਨੂੰ ਵੀ ਗੱਜਣ ਸਿੰਘ ਦੇ ਆਜ਼ਾਦੀ ਸੰਗਰਾਮ ਵਿੱਚ ਪਾਏ ਯੋਗਦਾਨ ਬਾਰੇ ਜਾਣਕਾਰੀ ਨਹੀਂ ਸੀ। ਡਾ.ਗੁਰਦੇਵ ਸਿੰਘ ਸਿੱਧੂ ਸਾਰੀ ਸਰਵਿਸ ਦੌਰਾਨ ਪੰਜਾਬੀ ਦੇ ਪ੍ਰੋਫ਼ੈਸਰ ਦੇ ਤੌਰ 'ਤੇ ਵੱਖ-ਵੱਖ ਕਾਲਜਾਂ ਵਿੱਚ ਪੜ੍ਹਾਉਂਦਾ ਰਿਹਾ। ਉਸ ਨੇ ਆਪਣੀ ਪੀ.ਐਚ.ਡੀ 'ਮਾਲਵੇ ਦਾ ਕਿੱਸਾ-ਸਾਹਿਤ' ਦੇ ਵਿਸ਼ੇ 'ਤੇ ਕੀਤੀ। ਆਪਣੀ ਸਰਵਿਸ ਦੌਰਾਨ ਉਹ ਖੋਜ ਕਾਰਜ ਵਿੱਚ ਕ੍ਰਿਆਸ਼ੀਲ ਰਿਹਾ। ਡਾ.ਗੁਰਦੇਵ ਸਿੰਘ ਸਿੱਧੂ 82 ਸਾਲ ਦੀ ਉਮਰ ਵਿੱਚ ਵੀ ਸਰਗਰਮੀ ਨਾਲ ਖੋਜ ਕਾਰਜ ਵਿੱਚ ਰੁਝਿਆ ਹੋਇਆ ਹੈ। ਅਖ਼ਬਾਰਾਂ ਵਿੱਚ ਉਨ੍ਹਾਂ ਦੇ ਲੇਖ ਲਗਾਤਾਰ ਪ੍ਰਕਾਸ਼ਤ ਹੋ ਰਹੇ ਹਨ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਪ ਚੇਰਅਮੈਨ ਵੀ ਰਿਹਾ ਪ੍ਰੰਤੂ ਇਤਿਹਾਸ ਨਾਲ ਬਾਵਾਸਤਾ ਰਿਹਾ ਹੈ। ਭਾਰਤ ਦੀ ਆਜ਼ਾਦੀ ਵਿੱਚ ਸਿੱਖਾਂ/ਪੰਜਾਬੀਆਂ ਦੇ ਯੋਗਦਾਨ ਨੂੰ ਪ੍ਰਸਿੱਧ ਇਤਿਹਾਸਕਾਰਾਂ ਵੱਲੋਂ ਅਣਡਿਠ ਕਰਨ ਦਾ ਉਸ ਨੂੰ ਦੁੱਖ ਹੈ, ਜਿਸ ਕਰਕੇ ਉਸ ਨੇ ਅਣਗੌਲੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਬਾਰੇ ਸਿੱਖਾਂ/ਪੰਜਾਬੀਆਂ ਨੂੰ ਜਾਣਕਾਰੀ ਦੇਣ ਦਾ ਫ਼ੈਸਲਾ ਕੀਤਾ ਹੈ। ਡਾ.ਫ਼ੌਜਾ ਸਿੰਘ ਇਤਿਹਾਸਕਾਰ ਦੀ ਅਗਵਾਈ ਵਿੱਚ ਇਤਿਹਾਸਕਾਰਾਂ ਦੀ ਟੀਮ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੀ ਤਿਆਰ ਕੀਤੀ ਨਾਮਵਲੀ "" ਵੱਡ-ਆਕਾਰੀ ਪੁਸਤਕ ਵਿੱਚ ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ ਦਾ ਨਾਮ ਹੀ ਨਹੀਂ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਭਾਰਤ ਦੇ ਇਤਿਹਾਸਕਾਰਾਂ ਨੂੰ ਪਤਾ ਨਹੀਂ ਅੰਗਰੇਜ਼ਾਂ ਨੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਪੂਰਾ ਵੇਰਵਾ ਫਾਈਲਾਂ ਵਿੱਚ ਲਿਖਿਆ ਹੋਇਆ ਹੈ। ਇਹ ਪੁਸਤਕ ਇਤਿਹਾਸ ਦੇ ਵਿਦਿਆਰਥੀਆਂ ਲਈ ਵਧੇਰੇ ਲਾਭਦਾਇਕ ਹੋਵੇਗੀ।

ਡਾ.ਗੁਰਦੇਵ ਸਿੰਘ ਸਿੱਧੂ ਨੇ ਆਪਣੀ ਇਸ ਪੁਸਤਕ ਨੂੰ 10 ਅਧਿਆਇ ਵਿੱਚ ਵੰਡਿਆ ਹੈ। ਪਹਿਲੇ ਆਧਿਆਇ ਵਿੱਚ ਗੱਜਣ ਸਿੰਘ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ। ਗੱਜਣ ਸਿੰਘ ਦੀ ਜਨਮ ਤਾਰੀਕ ਬਾਰੇ ਪੱਕੇ ਸਬੂਤ ਨਹੀਂ ਮਿਲੇ। ਉਸ ਦਾ ਜਨਮ ਲੁਧਿਆਣਾ ਜਿਲ੍ਹੇ ਵਿੱਚ ਸਾਹ-ਨੇਵਾਲ ਨਜ਼ਦੀਕ ਗੋਬਿੰਦਗੜ੍ਹ ਪਿੰਡ ਵਿੱਚ ਮਾਤਾ ਰਤਨ ਕੌਰ ਅਤੇ ਪਿਤਾ ਰਤਨ ਸਿੰਘ ਦੇ ਘਰ ਹੋਇਆ। ਉਹ 6 ਭੈਣ ਭਰਾ ਸਨ। ਗੱਜਣ ਸਿੰਘ ਸਭ ਤੋਂ ਛੋਟਾ ਸੀ। ਉਹ ਔਜਲਾ ਗੋਤ ਦੇ ਸਨ। ਉਸ ਦੀ ਮਾਤਾ ਗੱਜਣ ਸਿੰਘ ਦੇ ਬਚਪਨ ਵਿੱਚ ਹੀ ਸਵਰਗਵਾਸ ਹੋ ਗਈ ਸੀ। ਉਨ੍ਹਾਂ ਦਸਵੀਂ ਤੱਕ ਦੀ ਪੜ੍ਹਾਈ ਢੰਡਾਰੀ ਖੁਰਦ ਦੇ ਸਰਕਾਰੀ ਸਕੂਲ ਤੋਂ ਕੀਤੀ। ਉਹ ਫੁੱਟਵਾਲ ਦੇ ਖਿਡਾਰੀ ਵੀ ਸਨ। ਗੱਜਣ ਸਿੰਘ ਦਾ ਵਿਆਹ ਮਹਿੰਦਰ ਕੌਰ ਨਾਲ ਹੋਇਆ ਜੋ ਢੰਡਾਰੀ ਕਲਾਂ ਦੀ ਰਹਿਣ ਵਾਲੀ ਸੀ। ਮਹਿੰਦਰ ਕੌਰ ਦਾ ਪਰਿਵਾਰ ਭਾਈ ਰਣਧੀਰ ਸਿੰਘ ਦੇ ਅਖੰਡ ਕੀਰਤਨੀ ਜਥੇ ਨਾਲ ਜੁੜਿਆ ਹੋਇਆ ਸੀ। 1919 ਵਿੱਚ ਗੱਜਣ ਸਿੰਘ ਚੀਨ ਦੇ ਸ਼ੰਘਾਈ ਸ਼ਹਿਰ ਵਿੱਚ ਚਲਾ ਗਿਆ।

ਦੂਜਾ ਅਧਿਆਇ 'ਸ਼ੰਘਾਈ ਦਾ ਇਨਕਲਾਬੀ ਵਿਰਸਾ' ਹੈ, ਜਿਸ ਵਿੱਚ ਦੱਸਿਆ ਕਿ ਸ਼ੰਘਾਈ ਦੇ ਇਨਕਲਾਬੀਆਂ ਦਾ ਕੇਂਦਰ ਖਾਲਸਾ ਦੀਵਾਨ ਗੁਰਦੁਆਰਾ 1907 ਵਿੱਚ ਸਥਾਪਤ ਕੀਤਾ ਸੀ। ਡਾਕ ਰਾਹੀਂ ਇਸ ਗੁਰੂ ਘਰ ਵਿੱਚ ਗ਼ਦਰ ਅਖ਼ਬਾਰ ਵੀ ਆਉਂਦਾ ਸੀ। ਕਾਮਾਗਾਟਾ ਮਾਰੂ ਜਹਾਜ ਦਾ ਪਹਿਲਾ ਪੜਾਅ ਸ਼ੰਘਾਈ ਸੀ। ਆਜ਼ਾਦੀ ਘੁਲਾਟੀਆ ਗਿਆਨੀ ਭਗਵਾਨ ਕੁਝ ਸਮਾਂ ਏਥੇ ਠਹਿਰਿਆ। ਨਿਧਾਨ ਸਿੰਘ ਚੁੱਘਾ ਅਤੇ ਮੂਲਾ ਸਿੰਘ ਵੀ ਆਏ ਉਨ੍ਹਾਂ ਨੂੰ ਸੰਗਤਾਂ ਨੇ 500 ਡਾਲਰ ਆਜ਼ਾਦੀ ਦੀ ਜਦੋਜਹਿਦ ਲਈ ਦਿੱਤੇ। ਆਤਮਾ ਰਾਮ ਨੇ ਸ਼ੰਘਾਈ ਵਿੱਚ ਹੀ ਪੁਲਿਸ ਕਰਮੀ ਹਰਨਾਮ ਸਿੰਘ ਦਾ ਕਤਲ ਇਸ ਕਰਕੇ ਕੀਤਾ ਕਿ ਉਹ ਉਨ੍ਹਾਂ ਦੀਆਂ ਸਰਗਰਮੀਆਂ ਸਰਕਾਰ ਦਾ ਮੁਖ਼ਬਰ ਸੀ। ਆਤਮਾ ਰਾਮ ਨੂੰ ਸ਼ੰਘਾਈ ਵਿੱਚ 2 ਜੂਨ 1917 ਨੂੰ ਫਾਂਸੀ ਦਿੱਤੀ ਗਈ।




ਜਦੋਂ ਗੱਜਣ ਸਿੰਘ ਸ਼ੰਘਾਈ ਪਹੁੰਚਿਆ ਤਾਂ ਇਨਕਲਾਬੀ ਸਰਗਰਮ ਸਨ। ਤੀਜੇ ਅਧਿਆਏ ' ਸ਼ੰਘਾਈ ਵਿੱਚ ਗੱਜਣ ਸਿੰਘ ਦੀਆਂ ਸਰਗਰਮੀਆਂ' ਵਿੱਚ ਦੱਸਿਆ ਗਿਅ ਕਿ ਗੱਜਣ ਸਿੰਘ ਨੂੰ ਪੜ੍ਹੇ ਲਿਖੇ ਹੋਣ ਕਰਕੇ 1920 ਵਿੱਚ ਥਾਮਸ ਹਾਂਬਰੀ ਸਕੂਲ ਦੀ ਇੰਡੀਅਨ ਸਕੂਲ ਸ਼ਾਖਾ ਵਿੱਚ 'ਇੰਡੀਅਨ ਮਾਸਟਰ' ਵਜੋਂ ਨਿਯੁਕਤੀ ਹੋ ਗਈ। ਇਸ ਕਰਕੇ ਉਸ ਦੇ ਨਾਮ ਨਾਲ ਮਾਸਟਰ ਸ਼ਬਦ ਜੁੜ ਗਿਆ। ਫਿਰ ਉਸ ਨੇ ਸ਼ੰਘਾਈ ਵਿੱਚ ਗ਼ਦਰੀ ਕਰਾਂਤੀਕਾਰੀ ਸੰਗਠਨ ਬਣਾ ਲਿਆ। ਉਸ ਦੀਆਂ ਇਨਕਲਾਬੀ ਸਰਗਰਮੀਆਂ ਕਰਕੇ 1923 ਵਿੱਚ ਨੌਕਰੀ ਵਿੱਚੋਂ ਬਰਖਾਸਤ ਕਰ ਦਿੱਤਾ। ਸਕੂਲ ਤੋਂ ਹੱਟਣ ਤੋਂ ਬਾਅਦ ਉਸ ਨੇ ਹੋਟਲ ਦਾ ਕਾਰੋਬਾਰ ਸ਼ੁਰੂ ਕਰ ਲਿਆ, ਜਿਥੇ ਭਾਰਤੀ ਖਾਣਾ ਮਿਲਦਾ ਸੀ।
ਉਸ ਦਾ ਹੋਟਲ ਇਨਕਲਾਬੀਆਂ ਦਾ ਟਿਕਾਣਾ ਬਣ ਗਿਆ। ਫਿਰ ਉਸ ਨੇ 'ਹਿੰਦੁਸਤਾਨ ਐਸੋਸੀਏਸ਼ਨ' ਸੰਸਥਾ ਬਣਾ ਲਈ ਅਤੇ 'ਹਿੰਦ ਜਗਾਵਾ' ਸਪਤਾਹਿਕ ਗ਼ਦਰ ਅਖ਼ਬਾਰ ਦੀ ਤਰ੍ਹਾਂ ਸ਼ੁਰੂ ਕਰ ਲਿਆ। ਸਰਕਾਰ ਨੇ ਹਿੰਦ ਜਗਾਵਾ ਨੂੰ ਭਾਰਤ ਭੇਜਣ ਤੇ ਪਾਬੰਦੀ ਲਗਾ ਦਿੱਤੀ। ਉਸ ਦੀਆਂ ਸਰਗਰਮੀਆਂ ਨੂੰ ਮੁੱਖ ਰਖਦਿਆਂ ਖਾਲਸਾ ਦੀਵਾਨ ਸ਼ੰਘਾਈ ਦਾ ਸਕੱਤਰ ਬਣਾਕੇ ਸ਼ੰਘਾਈ ਗੁਰਦੁਆਰੇ ਦਾ ਇਨਚਾਰਜ ਬਣਾ ਦਿੱਤਾ ਗਿਆ। ਜੈਤੋ ਦੇ ਮੋਰਚੇ ਲਈ ਉਸ ਨੇ ਆਜ਼ਾਦੀ ਘੁਲਾਟੀਆਂ ਨੂੰ ਲਾਮਬੰਦ ਕਰਕੇ ਭੇਜਿਆ। 1925 ਵਿੱਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 1926 ਵਿੱਚ ਉਸ ਦੀ ਪਤਨੀ ਮਹਿੰਦਰ ਕੌਰ ਸਵਰਗਵਾਸ ਹੋ ਗਈ। ਉਸ ਦੇ ਆਜ਼ਾਦੀ ਦੀ ਲਹਿਰ ਵਿੱਚ ਸਰਗਰਮ ਹੋਣ ਕਰਕੇ ਕੁਝ ਸਮਾਂ ਬੱਚਿਆਂ ਨੂੰ ਉਸ ਦੇ ਦੋਸਤਾਂ ਨੇ ਸਾਂਭਿਆ। ਫਿਰ ਉਸਦਾ ਪਿਤਾ ਸ਼ੰਘਾਈ ਜਾ ਕੇ ਬੱਚਿਆਂ ਨੂੰ ਭਾਰਤ ਲੈ ਆਇਆ। ਚੌਥਾ ਅਧਿਆਇ 'ਸ਼ੰਘਾਈ ਵਿੱਚ ਗ਼ਦਰੀ ਇਨਕਲਾਬੀਆਂ ਦੇ ਸੰਗ' ਸਿਰਲੇਖ ਵਿੱਚ ਦੱਸਿਆ ਗਿਆ ਹੈ ਕਿ ਹੈਂਕਾਓ ਵਿਖੇ ਗੱਜਣ ਸਿੰਘ ਇਨਕਲਾਬੀਆਂ ਦੀਆਂ ਸਰਗਮੀਆਂ ਦਾ ਕੇਂਦਰੀ ਬਿੰਦੂ ਸੀ। ਜਿਤਨੇ ਵੀ ਇਨਕਲਾਬੀ ਚੀਨ ਆਉਂਦੇ ਉਹ ਸਭ ਤੋਂ ਪਹਿਲਾਂ ਗੱਜਣ ਸਿੰਘ ਨਾਲ ਸੰਪਰਕ ਕਰਦੇ। ਬੁੱਢਾ ਸਿੰਘ ਪੁਲਿਸ ਇਨਸਪੈਕਟਰ ਦੇ ਕਤਲ ਦਾ ਸਾਜ਼ਸ਼ਕਾਰ ਸਰਕਾਰ ਗੱਜਣ ਸਿੰਘ ਨੂੰ ਮੰਨਦੀ ਸੀ। ਪੰਜਵਾਂ ਅਧਿਆਇ 'ਗ੍ਰਿਫਤਾਰੀ, ਮੁਕੱਦਮਾ ਅਤੇ ਦੇਸ਼-ਨਿਕਾਲੇ ਦੀ ਸਜ਼ਾ' ਅਨੁਸਾਰ 5 ਮਈ 1927 ਨੂੰ ਇਨਕਲਾਬੀਆਂ ਦੀ ਮੀਟਿੰਗ ਕਰਦੇ ਸਮੇਂ ਗੱਜਣ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

ਗੱਜਣ ਸਿੰਘ ਦੇ ਗ੍ਰਿਫ਼ਤਾਰ ਹੋਣ ਤੋਂ ਬਾਅਦ ਗੁਰਦੁਆਰਾ ਸਾਹਿਬ ਨੂੰ ਤਾਲਾ ਲਗਾ ਦਿੱਤਾ ਗਿਆ। ਗ਼ਦਰ ਢੰਡੋਰਾ ਅਖ਼ਬਾਰ ਦੇ ਕੰਮ ਨੂੰ ਧੱਕਾ ਲੱਗਾ। ਗੱਜਣ ਸਿੰਘ ਨੂੰ ਇਕ ਸਾਲ ਦੀ ਸਜ਼ਾ ਅਤੇ ਸਜ਼ਾ ਪੂਰੀ ਹੋਣ 'ਤੇ ਦੇਸ਼ ਨਿਕਾਲਾ ਦੇ ਹੁਕਮ ਸੀ। ਕਿਰਤੀ ਰਸਾਲੇ ਨੂੰ ਸਰਕਾਰ ਵਿਰੁੱਧ ਸਮਗਰੀ ਪ੍ਰਕਾਸ਼ਤ ਕਰਨ ਵਾਲਾ ਸਮਝਿਆ ਜਾਂਦਾ ਸੀ। ਗੱਜਣ ਸਿੰਘ ਅਤੇ ਉਸ ਦੇ ਦੋ ਸਾਥੀਆਂ ਭਾਈ ਦਸੌਂਧਾ ਸਿੰਘ ਅਤੇ ਭਾਈ ਗੇਂਦਾ ਸਿੰਘ ਨੂੰ ਇਹ ਰਸਾਲਾ ਰੱਖਣ ਲਈ ਸੁਪਰੀਮ ਕੋਰਟ ਨੇ ਇਕ-ਇਕ ਸਾਲ ਦੀ ਸਜਾ ਦਿੱਤੀ ਗਈ। ਛੇਵੇਂ ਅਧਿਆਇ ਵਿੱਚ 'ਹਿੰਦੁਸਤਾਨੀ ਜੇਲ੍ਹਾਂ ਵਿੱਚ' ਦੱਸਿਆ ਕਿ 24 ਮਾਰਚ ਨੂੰ ਭਾਰਤ ਪਹੁੰਚਣ 'ਤੇ ਦਸੌਂਧਾ ਸਿੰਘ ਅਤੇ ਗੱਜਣ ਸਿੰਘ ਨੂੰ ਬੰਗਾਲ ਦੀ ਪਹਿਲਾਂ ਪ੍ਰੈਜੀਡੈਂਸੀ ਜੇਲ੍ਹ ਫਿਰ ਮਿਦਾਨਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ, ਗੇਂਦਾ ਸਿੰਘ ਨੂੰ ਪੰਜਾਬ ਭੇਜ ਦਿੱਤਾ। ਗੱਜਣ ਸਿੰਘ ਨੂੰ ਢਾਕਾ ਜੇਲ੍ਹ ਭੇਜ ਦਿੱਤਾ ਗਿਆ। ਫਿਰ ਉਸ ਨੂੰ ਲੁਧਿਆਣਾ ਜੇਲ੍ਹ ਅਤੇ ਦਸੌਂਧਾ ਸਿੰਘ ਨੂੰ ਜਲੰਧਰ ਭੇਜ ਦਿੱਤਾ। ਲੁਧਿਆਣਾ ਜੇਲ੍ਹ ਵਿੱਚ ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਭਗਤ ਸਿੰਘ ਨੂੰ ਵੀ ਮਿਲੇ ਸਨ।
4 ਜੂਨ 1929 ਨੂੰ ਗੱਜਣ ਸਿੰਘ ਨੂੰ ਰਿਹਾ ਕਰ ਦਿੱਤਾ ਗਿਆ ਅਤੇ ਨਿਗਰਾਨੀ ਰੱਖਣ ਦੀ ਹਦਾਇਤ ਕੀਤੀ ਗਈ। ਅਧਿਆਇ 7 'ਕੀ ਮਾਸਟਰ ਗੱਜਣ ਸਿੰਘ ਮਾਸਕੋ ਗਿਆ?' ਇਸ ਸੰਬੰਧੀ ਕੋਈ ਪੁਖਤਾ ਸਬੂਤ ਨਹੀਂ ਹਨ, ਸਰਕਾਰੀ ਕਿਰਾਰਡ ਵਿੱਚ ਦੋ ਥਾਂ 'ਤੇ ਮਾਸਕੋ ਤੋਂ ਸਿਖਿਆ ਲੈਣ ਵਾਲੇ ਵਿਅਕਤੀਆਂ ਦੀ ਸੂਚੀ ਵਿੱਚ ਗੱਜਣ ਸਿੰਘ ਦਾ ਨਾਮ ਲਿਖਿਆ ਮਿਲਦਾ ਹੈ ਪ੍ਰੰਤੂ ਉਸ ਸਮੇਂ ਗੱਜਣ ਸਿੰਘ ਦੀਆਂ ਸ਼ੰਘਾਈ ਵਿੱਚ ਸਰਗਰਮੀਆਂ ਔਨ ਰਿਕਾਰਡ ਹਨ। ਅੱਠਵੇਂ ਅਧਿਆਇ ਵਿੱਚ 'ਮਾਸਟਰ ਗੱਜਣ ਸਿੰਘ ਦੀ ਘਰ ਵਾਪਸੀ ਅਤੇ ਸਿਆਸੀ ਸਰਗਰਮੀਆਂ' ਸਿਰਲੇਖ ਵਿੱਚ ਪਿੰਡ ਵਾਪਸ ਆ ਕੇ ਪਰਿਵਾਰ ਨਾਲ ਰਹਿਣ ਦੀ ਥਾਂ ਜੂਹਬੰਦੀ ਕਰਕੇ ਖੇਤ ਵਿੱਚ ਕੋਠਾ ਪਾ ਕੇ ਰਹਿੰਦਾ ਰਿਹਾ ਅਤੇ ਉਥੇ ਹੀ ਸਾਰੀਆਂ ਸਿਆਸੀ ਸਰਗਰਮੀਆਂ ਕਰਦਾ ਰਿਹਾ। 1932 ਵਿੱਚ ਗ੍ਰਿਫ਼ਤਾਰ ਹੋਇਆ ਅਤੇ ਤਿੰਨ ਮਹੀਨੇ ਜੇਲ੍ਹ ਵਿੱਚ ਬਿਤਾਏ। ਕਿਰਤੀ ਕਿਸਾਨ ਪਾਰਟੀ ਲੁਧਿਆਣਾ ਜਿਲ੍ਹੇ ਵਿੱਚ ਸੰਗਠਤ ਕੀਤੀ, ਛਪਾਰ ਦੇ ਮੇਲੇ ਵਿੱਚ ਕਾਨਫਰੰਸ ਕਰਕੇ ਸਮੁਚੇ ਜਿਲ੍ਹੇ ਵਿੱਚ ਕਾਨਫਰੰਸਾਂ ਦਾ ਸਿਲਸਿਲਾ ਜ਼ਾਰੀ ਰਿਹਾ। ਉਹ ਹਰ ਕਾਨਫਰੰਸ ਵਿੱਚ ਮੁੱਖ-ਬੁਲਾਰਾ ਹੁੰਦਾ ਸੀ। ਲਾਹੌਰ ਕਿਸਾਨ ਮੋਰਚਾ, ਮੁਜ਼ਾਰਾ ਲਹਿਰ, ਰਾਜਸੀ ਕੈਦੀ ਛੁਡਾਊ ਕਮੇਟੀ, ਦੇਸ਼ ਭਗਤ ਇਲੈਕਸ਼ਨ ਪ੍ਰਾਪੇਗੰਡਾ ਬੋਰਡ ਦੇ ਮੈਂਬਰ ਅਤੇ ਮੈਂਬਰ ਸਕੱਤਰ ਰਹੇ। ਹਮੇਸ਼ਾ ਪੁਲਿਸ ਨਾਲ ਲੁਕਣ ਮੀਟੀ ਖੇਡ ਖੇਡਦਾ ਰਿਹਾ ਪ੍ਰੰਤੂ ਸਿਆਸੀ ਸਰਗਰਮੀਆਂ ਵਿੱਚੋਂ ਹਿੱਸਾ ਲੈਣ ਤੋਂ ਨਹੀਂ ਹਟਿਆ। ਪੰਡਿਤ ਜਵਾਹਰ ਲਾਲ ਨਹਿਰੂ ਮਾਸਟਰ ਗੱਜਣ ਸਿੰਘ ਨੂੰ ਉਸ ਦੇ ਕੋਠੇ ਵਿੱਚ ਮਿਲਣ ਵੀ ਆਏ ਸਨ। ਨੌਵੇਂ ਅਧਿਆਇ 'ਦੂਜੀ ਸੰਸਾਰ ਜੰਗ ਸਮੇਂ ਜੇਲ੍ਹ ਯਾਤਰਾ ਅਤੇ ਪਿੱਛੋਂ' ਵਿੱਚ ਦੱਸਿਆ ਗਿਆ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਪਹਿਲਾਂ ਡੇਰਾ ਗਾਜ਼ੀ ਖ਼ਾਂ ਜੇਲ੍ਹ ਅਤੇ ਫਿਰ ਦਿਓਲੀ ਕੈਂਪ ਜੇਲ੍ਹ ਵਿੱਚ ਭੇਜਿਆ ਗਿਆ।

ਦਿਓਲੀ ਜੇਲ੍ਹ ਦੇ ਮਾੜੇ ਪ੍ਰਬੰਧਾਂ ਕਰਕੇ ਭੁੱਖ ਹੜਤਾਲ ਕਰ ਦਿੱਤੀ। ਕਿਰਤੀ ਪਾਰਟੀ ਅਤੇ ਕਮਿਊਨਿਸਟਾਂ ਨੂੰ ਇਕੱਠੇ ਤੋਰਨ ਵਿੱਚ ਗੱਜਣ ਸਿੰਘ ਨੇ ਵੱਡਮੁੱਲਾ ਕੰਮ ਕੀਤਾ। ਦਸਵਾਂ ਅਧਿਆਇ 'ਗੈਰ ਸਰਗਰਮੀ ਦੇ ਤਿੰਨ ਦਹਾਕੇ, ਪਰਿਵਾਰਿਕ ਜੀਵਨ ਅਤੇ ਸ਼ਖਸ਼ੀਅਤ' ਵਿੱਚ ਦੱਸਿਆ ਗਿਆ ਕਿ ਉਹ ਆਜ਼ਾਦੀ ਤੋਂ ਬਾਅਦ ਸਰਕਾਰ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਅਤੇ ਨਿਰਾਸ਼ ਸੀ, ਜਿਸ ਕਰਕੇ ਆਪਣਾ ਸਮਾਂ ਪੁਸਤਕਾਂ ਪੜ੍ਹਨ ਨਾਲ ਗੁਜ਼ਾਰਦਾ ਰਿਹਾ। ਇਸ ਸਮੇਂ ਦੌਰਾਨ ਇਕ ਵਾਰ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਉਸ ਦੇ ਖੇਤਾਂ ਵਿਚਲੇ ਕੋਠੇ ਵਿੱਚ ਮਿਲਣ ਆਏ ਸਨ। ਉਨ੍ਹਾਂ ਦੇ ਦੋ ਸਪੁੱਤਰ ਗੁਰਦਿਆਲ ਸਿੰਘ ਅਤੇ ਕਰਤਾਰ ਸਿੰਘ ਸਨ। ਉਹ ਗੁਰਮਤਿ ਨੂੰ ਪ੍ਰਣਾਏ ਹੋਏ, ਨਿਡਰ ਤੇ ਦਬੰਗ ਵਿਅਕਤੀ ਸਨ। ਉਹ 6 ਸਤੰਬਰ 1976 ਨੂੰ ਸਵਰਗਵਾਸ ਹੋ ਗਏ ਸਨ। ਅਖੀਰ ਵਿੱਚ ਇਕ ਲੇਖ ਉਨ੍ਹਾਂ ਦੀ ਪੋਤਰੀ ਪਰਮਜੀਤ ਕੌਰ ਦਾ ਲਿਖਿਆ ਹੋਇਆ ਵੀ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ। ਕੁਝ ਰੰਗਦਾਰ ਤਸਵੀਰਾਂ ਵੀ ਪੁਸਤਕ ਦਾ ਹਿੱਸਾ ਹਨ। ਡਾ.ਗੁਰਦੇਵ ਸਿੰਘ ਨੂੰ ਇਸ ਪੁਸਤਕ ਲਈ ਮੈਟਰ ਇਕੱਠਾ ਕਰਨ ਲਈ ਦਲਜੀਤ ਸਿੰਘ ਭੰਗੂ ਸੇਵਾ ਮੁਕਤ ਪੀ.ਸੀ.ਐਸ.ਅਧਿਕਾਰੀ ਅਤੇ ਉਨ੍ਹਾਂ ਦੀ ਪਤਨੀ ਹਰਜੀਤ ਕੌਰ ਨੇ ਮਦਦ ਕੀਤੀ। ਹਰਜੀਤ ਕੌਰ ਗੱਜਣ ਸਿੰਘ ਦੇ ਪਰਿਵਾਰ ਨਾਲ ਸੰਬੰਧ ਰਖਦੀ ਹੈ।







# ਮਿੱਟੀ ਦਾ ਪ੍ਰਦੂਸ਼ਣ ਇੱਕ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ

ਵਿਜੈ ਗਰਗ



(ਮਿੱਟੀ ਪ੍ਰਦੂਸ਼ਣ ਦੇ ਵਾਤਾਵਰਣਕ ਪ੍ਰਭਾਵ ਵਿੱਚ ਕਾਫ਼ੀ ਜ਼ਿਆਦਾ ਲਾਗਤ ਆਉਂਦੀ ਹੈ) ਜੇਕਰ ਮਿੱਟੀ ਦੇ ਪ੍ਰਦੂਸ਼ਣ ਦੀ ਜਾਂਚ ਨਾ ਕੀਤੀ ਗਈ ਤਾਂ ਵਾਤਾਵਰਣ ਨੂੰ ਨੁਕਸਾਨ ਹੋਵੇਗਾ ਅਤੇ ਜੀਵਨ ਜਿਵੇਂ ਕਿ ਅਸੀਂ ਜਾਣਦੇ ਹਾਂ, ਰੁਕ ਸਕਦਾ ਹੈ। ਮਿੱਟੀ ਅਤੇ ਪਾਣੀ ਸਾਡੇ ਗ੍ਰਹਿ 'ਤੇ ਮਨੁੱਖਾਂ ਸਮੇਤ, ਜੀਵਨ ਨੂੰ ਕਾਇਮ ਰੱਖਣ ਵਾਲੇ ਜ਼ਰੂਰੀ ਹਿੱਸੇ ਹਨ। ਮਿੱਟੀ ਉਹ ਮਾਧਿਅਮ ਹੈ ਜਿਸ 'ਤੇ ਹਰ ਕਿਸਮ ਦੇ ਜੀਵਤ ਜੀਵਾਂ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਸਾਡੇ ਨਾਲ ਵਿਕਸਿਤ ਹੋਏ ਹਰ ਧਰਮ ਨੇ ਮਿੱਟੀ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਵੈਦਿਕ ਸਭਿਅਤਾ ਨੇ ਮਿੱਟੀ ਨੂੰ ਧਰਤੀ ਮਾਤਾ ਦੇ ਰੂਪ ਵਿੱਚ ਸਭ ਤੋਂ ਵੱਧ ਸਤਿਕਾਰ ਦਿੱਤਾ ਹੈ। ਅਥਰਵ ਵੇਦ ਵਿੱਚ ਪ੍ਰਿਥਵੀ, ਧਰਤੀ ਨੂੰ ਪ੍ਰਾਰਥਨਾ ਕੀਤੀ ਗਈ ਹੈ: "ਹੇ ਧਰਤੀ, ਜੋ ਮੈਂ ਤੇਰੇ ਤੋਂ ਖੋਜਦਾ ਹਾਂ, ਉਸਨੂੰ ਇੱਕ ਵਾਰ ਫਿਰ ਤੇਜ਼ੀ ਨਾਲ ਉੱਗਣ ਅਤੇ ਵਿਕਾਸ ਕਰਨ ਦਿਓ।" ਬਨਸਪਤੀ, ਰੁੱਖਾਂ, ਜਾਨਵਰਾਂ ਅਤੇ ਮਿੱਟੀ ਦੀ ਪੂਜਾ ਸਿਰਫ਼ ਭਾਰਤ ਲਈ ਹੈ। ਸਿੱਟੇ ਵਜੋਂ, ਇਹ ਕਠੋਰ ਰਸਾਇਣਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਨਿਰਾਸ਼ ਕਰਦਾ ਹੈ, ਕਿਉਂਕਿ ਇਹ ਅਣਜਾਣੇ ਵਿੱਚ ਮਿੱਟੀ ਦੇ ਅੰਦਰਲੇ ਲਾਭਦਾਇਕ ਪੌਸ਼ਟਿਕ ਤੱਤਾਂ ਅਤੇ ਜੀਵਤ ਸੂਖਮ ਜੀਵਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਧਰਤੀ ਜੈਵ ਵਿਭਿੰਨਤਾ ਨਾਲ ਭਰੀ ਹੋਈ ਹੈ ਅਤੇ ਸਾਰੇ ਜੀਵਿਤ ਜੀਵਾਂ ਦੀ ਬੁਨਿਆਦ ਹੈ। ਧਰਤੀ ਉਹ ਹੈ ਜਿੱਥੇ ਪੌਦਿਆਂ, ਰੁੱਖਾਂ, ਜਾਨਵਰਾਂ ਅਤੇ ਇੱਥੋਂ ਤੱਕ ਕਿ ਮਿੱਟੀ ਦਾ ਵੀ ਸਤਿਕਾਰ ਕੀਤਾ ਜਾਂਦਾ ਹੈ। ਬਦਕਿਸਮਤੀ ਨਾਲ, ਅਜੋਕੀ ਪੀੜ੍ਹੀ ਸਾਡੀਆਂ ਨਸਲਾਂ ਦੀ ਜੀਵਨ ਰੇਖਾ ਨੂੰ ਵਧੇਰੇ ਨੁਕਸਾਨ ਪਹੁੰਚਾ ਰਹੀ ਹੈ। ਅਸੀਂ ਵਿਕਾਸ ਅਤੇ ਤਪੱਸਿਆ ਵੱਲ ਧਿਆਨ ਦੇ ਕੇ ਮਿੱਟੀ ਦਾ ਕਾਫੀ ਨੁਕਸਾਨ ਕੀਤਾ ਹੈ। ਉਪਜਾਊ ਖੇਤੀ ਵਾਲੀਆਂ ਜ਼ਮੀਨਾਂ ਵਿਦੇਸ਼ੀ ਪੌਦਿਆਂ ਵਾਲੇ ਫਲੈਟਾਂ ਅਤੇ ਬਗੀਚਿਆਂ ਨੂੰ ਭੁਗਤਾਨ ਕਰਦੀਆਂ ਹਨ। ਮਿੱਟੀ ਖੇਤੀਬਾੜੀ ਲਈ ਇੱਕ ਬੁਨਿਆਦੀ ਸਰੋਤ ਹੈ, ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੈ ਅਤੇ ਪੌਦਿਆਂ ਦੇ ਵਿਕਾਸ ਲਈ ਇੱਕ ਮਾਧਿਅਮ ਹੈ। ਕਟੌਤੀ, ਉਪਰਲੀ ਮਿੱਟੀ ਦਾ ਨੁਕਸਾਨ, ਅਤੇ ਪਤਨ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਮਹੱਤਵਪੂਰਣ ਰੂਪ ਵਿੱਚ ਘਟਾ ਸਕਦੇ ਹਨ, ਜਿਸ ਨਾਲ ਫਸਲਾਂ ਦੀ ਪੈਦਾਵਾਰ ਵਿੱਚ ਕਮੀ ਆਉਂਦੀ ਹੈ। ਪੌਦਿਆਂ ਦੀ ਸਿਹਤ ਅਤੇ ਉਤਪਾਦਕਤਾ ਲਈ ਮਿੱਟੀ ਵਿੱਚ ਪੌਸ਼ਟਿਕ ਤੱਤਾਂ ਦਾ ਸਾਈਕਲਿੰਗ ਮਹੱਤਵਪੂਰਨ ਹੈ। ਮਿੱਟੀ ਬੈਕਟੀਰੀਆ, ਫੰਜਾਈ ਅਤੇ ਪ੍ਰੋਟੋਜ਼ੋਆ ਸਮੇਤ ਵੱਖ-ਵੱਖ ਸੂਖਮ ਜੀਵਾਂ ਦਾ ਘਰ ਹੈ। ਬਦਕਿਸਮਤੀ ਨਾਲ, ਇਹ ਰੋਗਾਣੂ ਰਸਾਇਣਕ ਖਾਦਾਂ, ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ ਦੁਆਰਾ ਨਸ਼ਟ ਹੋ ਜਾਂਦੇ ਹਨ। ਮਿੱਟੀ ਅਤੇ ਪਾਣੀ ਦੀ ਸਿਹਤ ਆਪਸ ਵਿੱਚ ਜੁੜੀ ਹੋਈ ਹੈ। ਮਾਨਵ-ਜਨਕ ਗਤੀਵਿਧੀਆਂ ਕਾਰਨ ਪੈਦਾ ਹੋਣ ਵਾਲਾ ਪ੍ਰਦੂਸ਼ਣ ਆਖਰਕਾਰ ਪਾਣੀ ਰਾਹੀਂ ਮਿੱਟੀ ਤੱਕ ਪਹੁੰਚਦਾ ਹੈ। ਅਸੀਂ ਮਿੱਟੀ ਨੂੰ ਸਮਝਦੇ ਹਾਂ। ਅਸੀਂ ਮਿੱਟੀ ਵਿੱਚ ਠੋਸ ਰਹਿੰਦ-ਖੂੰਹਦ, ਪਲਾਸਟਿਕ ਅਤੇ ਜ਼ਹਿਰੀਲੇ ਰਸਾਇਣਾਂ ਦਾ ਨਿਪਟਾਰਾ ਕਰਦੇ ਹਾਂ। ਅਸੀਂ ਆਪਣੇ ਠੋਸ ਰਹਿੰਦ-ਖੂੰਹਦ ਨੂੰ ਇਸਦੀ ਭਰਪੂਰ ਜੈਵ ਵਿਭਿੰਨਤਾ ਦੀ ਚਿੰਤਾ ਕੀਤੇ ਬਿਨਾਂ ਇਸ ਦੀ ਸਤ੍ਹਾ 'ਤੇ ਸਾੜਦੇ ਹਾਂ। ਮਿੱਟੀ ਦੇ ਪ੍ਰਦੂਸ਼ਣ ਦੇ ਵਾਤਾਵਰਣਕ ਪ੍ਰਭਾਵ ਵਿੱਚ ਕਾਫ਼ੀ ਜ਼ਿਆਦਾ ਲਾਗਤ ਆਉਂਦੀ ਹੈ। ਖੇਤੀਬਾੜੀ ਦੇ ਉਦੇਸ਼ਾਂ ਲਈ ਦੂਸ਼ਿਤ ਮਿੱਟੀ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਲਾਜ਼ਮੀ ਹੈ, ਕਿਉਂਕਿ ਰਸਾਇਣ ਫਸਲਾਂ ਵਿੱਚ ਦਾਖਲ ਹੋ ਸਕਦੇ ਹਨ, ਖਪਤਕਾਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਫਸਲਾਂ ਦੀ ਕਾਸ਼ਤ ਲਈ ਪ੍ਰਦੂਸ਼ਿਤ ਮਿੱਟੀ ਦੀ ਵਰਤੋਂ ਆਮ ਤੌਰ 'ਤੇ ਗੈਰ ਦੂਸ਼ਿਤ ਮਿੱਟੀ ਨਾਲੋਂ ਘੱਟ ਪੈਦਾਵਾਰ ਵੱਲ ਲੈ ਜਾਂਦੀ ਹੈ, ਪੌਦਿਆਂ ਦੇ ਢੱਕਣ ਦੀ ਘਾਟ ਕਾਰਨ ਵਾਧੂ ਕਟੌਤੀ ਕਰਕੇ ਇਸ ਮੁੱਦੇ ਨੂੰ ਵਧਾਉਂਦੀ ਹੈ, ਜਿਸ ਨਾਲ ਜ਼ਹਿਰੀਲੇ ਪਦਾਰਥਾਂ ਨੂੰ ਪਹਿਲਾਂ ਗੈਰ-ਪ੍ਰਦੂਸ਼ਿਤ ਖੇਤਰਾਂ ਵਿੱਚ ਤਬਦੀਲ ਕੀਤਾ ਜਾਂਦਾ ਹੈ। ਭੂਮੀ ਪ੍ਰਦੂਸ਼ਣ ਨੂੰ ਸੰਬੋਧਿਤ ਕਰਨਾ ਵਾਤਾਵਰਣ ਪ੍ਰਣਾਲੀ ਦੀ ਲੰਬੇ ਸਮੇਂ ਦੀ ਸਿਹਤ, ਖੇਤੀਬਾੜੀ ਸਥਿਰਤਾ ਅਤੇ ਮਨੁੱਖੀ ਭਲਾਈ ਲਈ ਮਹੱਤਵਪੂਰਨ ਹੈ। ਮਿੱਟੀ ਦੇ ਪ੍ਰਦੂਸ਼ਣ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਟਿਕਾਊ ਭੂਮੀ ਪ੍ਰਬੰਧਨ ਅਭਿਆਸਾਂ ਅਤੇ ਪ੍ਰਦੂਸ਼ਣ ਸਰੋਤਾਂ ਨੂੰ ਘਟਾਉਣ ਲਈ ਸਮੂਹਿਕ ਯਤਨ ਜ਼ਰੂਰੀ ਹਨ। ਸਿਹਤਮੰਦ ਮਿੱਟੀ ਕਾਰਬਨ ਡੁੱਬਣ, ਕਾਰਬਨ ਨੂੰ ਵੱਖ ਕਰਨ ਅਤੇ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਘੱਟ ਕਰਨ ਦਾ ਕੰਮ ਕਰਦੀ ਹੈ। "ਕੁਦਰਤ" ਸ਼ਬਦ ਦਾ ਮੂਲ ਅਰਥ ਜਨਮ, ਜਨਮ, ਅਤੇ ਮੂਲ ਵਰਗੀਆਂ ਧਾਰਨਾਵਾਂ ਨਾਲ ਨੇੜਿਓਂ ਜੁੜਿਆ ਹੋਇਆ ਹੈ, ਜੋ ਇਹ ਦਰਸਾਉਂਦਾ ਹੈ ਕਿ ਜੋ ਵੀ ਚੀਜ਼ ਪੈਦਾ ਹੁੰਦੀ ਹੈ ਅਤੇ ਮਰਨ ਲਈ ਹੁੰਦੀ ਹੈ ਉਹ ਅੰਦਰੂਨੀ ਤੌਰ 'ਤੇ ਕੁਦਰਤੀ ਹੈ। ਇਸ ਅੰਤਰ-ਨਿਰਭਰਤਾ ਨੂੰ ਸਮਝਣਾ ਇਹ ਦਰਸਾਉਂਦਾ ਹੈ ਕਿ ਕੁਦਰਤ ਅਤੇ ਮਨੁੱਖ ਜਾਤੀ ਅਟੁੱਟ ਹਨ। ਇਸ ਲਈ, ਕੁਦਰਤ ਨਾਲ ਸਾਡੀਆਂ ਪਰਸਪਰ ਕ੍ਰਿਆਵਾਂ ਦਾ ਸਾਡੀ ਆਪਣੀ ਭਲਾਈ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਕੁਦਰਤ ਨਾਲ ਸਾਡਾ ਸਬੰਧ ਆਪਸੀ ਨਿਰਭਰਤਾ 'ਤੇ ਅਧਾਰਤ ਹੈ। ਇਹਇਹ ਦਲੀਲ ਦਿੱਤੀ ਗਈ ਹੈ ਕਿ ਮੀਂਹ ਦੇ ਜੰਗਲਾਂ ਅਤੇ ਪਤਝੜ ਵਾਲੇ ਜੰਗਲਾਂ ਦੀ ਨਿਰੰਤਰ ਤਬਾਹੀ ਖੇਤੀਬਾੜੀ ਦੇ ਉਦੇਸ਼ਾਂ ਲਈ ਵਰਤੀ ਜਾਂਦੀ ਜ਼ਮੀਨ ਦੀ ਮਾਤਰਾ ਨੂੰ ਵਧਾਉਣ ਲਈ ਜਾਇਜ਼ ਹੈ। ਇਸੇ ਤਰ੍ਹਾਂ ਵਿਕਾਸ ਦੇ ਨਾਂ 'ਤੇ ਖੇਤੀਯੋਗ ਜ਼ਮੀਨਾਂ ਨੂੰ ਵਪਾਰਕ ਖੇਤਰਾਂ ਵਿੱਚ ਤਬਦੀਲ ਕਰਨਾ ਜਾਇਜ਼ ਹੈ। ਸਾਡੀ ਅਗਿਆਨਤਾ ਸਾਨੂੰ ਇਹ ਦੇਖਣ ਤੋਂ ਰੋਕਦੀ ਹੈ ਕਿ ਜੇਕਰ ਅਸੀਂ ਇਸ ਸੰਘਰਸ਼ ਵਿੱਚ ਜਿੱਤੇ ਵੀ ਹਾਂ, ਤਾਂ ਵੀ ਅਸੀਂ ਹਾਰਨ ਵਾਲੇ ਪਾਸੇ ਹੀ ਰਹਾਂਗੇ। ਸਾਡਾ ਵਿਚਾਰ ਕਿ ਕੁਦਰਤ ਦਾ ਕੰਮ ਸਾਡੀ ਆਰਥਿਕਤਾ ਦੀ ਮੋਟਰ ਨੂੰ ਚਲਾਉਣਾ ਹੈ, ਕੁਦਰਤ ਦੇ ਵਿਰੁੱਧ ਇਸ ਯੁੱਧ ਦੇ ਪਿੱਛੇ ਡ੍ਰਾਈਵਿੰਗ ਫੋਰਸ ਹੈ, ਜਿਸ ਨੂੰ ਅਸੀਂ ਲੜਨਾ ਚਾਹੁੰਦੇ ਹਾਂ। ਆਰਥਿਕਤਾ ਵਾਤਾਵਰਣ ਦੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ।

# ਗੜ੍ਹਚਿਰੌਲੀ 'ਚ ਪੁਲਿਸ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ, 2 ਵੱਡੇ ਨਕਸਲੀ ਹਲਾਕ



ਗੜ੍ਹਚਿਰੌਲੀ, 14 ਦਸੰਬਰ (ਪੋਸਟ ਬਿਊਰੋ): ਮਹਾਰਾਸ਼ਟਰ ਪੁਲਿਸ ਨੇ ਨਕਸਲਵਾਦ ਦੇ ਖਿਲਾਫ ਵੱਡੀ ਸਫਲਤਾ ਹਾਸਿਲ ਕੀਤੀ ਹੈ। ਪੁਲਿਸ ਨੇ ਵੀਰਵਾਰ ਨੂੰ ਗੜ੍ਹਚਿਰੌਲੀ ਵਿੱਚ ਦੋ ਨਕਸਲੀਆਂ ਨੂੰ ਮਾਰ ਮੁਕਾਇਆ। ਜਾਣਕਾਰੀ ਮੁਤਾਬਕ ਮਹਾਰਾਸ਼ਟਰ ਅਤੇ ਛੱਤੀਸਗੜ੍ਹ ਸਰਹੱਦ ਦੇ ਬੋਧਨ ਟੋਲਾ ਪਿੰਡ 'ਚ ਪੁਲਸ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ ਹੋਇਆ। ਇਸ ਮੁਕਾਬਲੇ ਵਿੱਚ ਦੋ ਨਕਸਲੀ ਮਾਰੇ ਗਏ। ਪੁਲਿਸ ਨੂੰ ਮੌਕੇ 'ਤੇ ਏਕੇ-47 ਵਰਗੇ ਹਥਿਆਰ ਵੀ ਮਿਲੇ ਹਨ।

ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕਈ ਨਕਸਲੀ ਡੇਰੇ ਲਾਏ ਹੋਏ ਹਨ। ਨਕਸਲੀ ਸੈਨਿਕਾਂ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਹੇ ਸਨ। ਮਹਾਰਾਸ਼ਟਰ ਅਤੇ ਛੱਤੀਸਗੜ੍ਹ ਸਰਹੱਦ 'ਤੇ ਪੁਲਿਸ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ ਕਰੀਬ ਇਕ ਘੰਟੇ ਤੱਕ ਚੱਲਿਆ। ਇਸ ਆਪਰੇਸ਼ਨ ਵਿੱਚ ਪੁਲਿਸ ਨੇ ਦੋ ਨਕਸਲੀਆਂ ਨੂੰ ਮਾਰ ਮੁਕਾਇਆ। ਪੁਲਿਸ ਨੇ ਮੁਕਾਬਲੇ ਦੌਰਾਨ ਨਕਸਲੀਆਂ ਕੋਲੋਂ ਏਕੇ-47 ਅਤੇ ਐਸਐਲਆਰ ਹਥਿਆਰ ਵੀ ਬਰਾਮਦ ਕੀਤੇ ਹਨ।

ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਜਦੋਂ ਉਹ ਉੱਥੇ ਪਹੁੰਚੇ ਤਾਂ ਨਕਸਲੀਆਂ ਵੱਲੋਂ ਜ਼ੋਰਦਾਰ ਗੋਲੀਬਾਰੀ ਕੀਤੀ ਗਈ, ਜਿਸ ਤੋਂ ਬਾਅਦ ਪੁਲਿਸ ਨੇ ਵੀ ਜਵਾਬੀ ਕਾਰਵਾਈ ਕੀਤੀ। ਇਹ ਘਟਨਾ ਦੁਪਹਿਰ ਕਰੀਬ 3 ਵਜੇ ਵਾਪਰੀ। ਗੋਲੀਬਾਰੀ ਤੋਂ ਬਾਅਦ ਕਈ ਨਕਸਲੀ ਉਥੋਂ ਭੱਜ ਗਏ ਪਰ ਦੋ ਮਾਰੇ ਗਏ। ਮਾਰੇ ਗਏ ਦੋ ਨਕਸਲੀਆਂ ਵਿੱਚੋਂ ਇੱਕ ਡਿਪਟੀ ਕਮਾਂਡਰ ਦੁਗੇਸ਼ ਵੱਟੀ ਹੈ। ਇਹ ਨਕਸਲੀ ਸਾਲ 2019 ਵਿੱਚ ਜਮੂਲਖੇੜਾ ਵਿੱਚ 15 ਪੁਲਿਸ ਮੁਲਾਜ਼ਮਾਂ ਦੀ ਹੱਤਿਆ ਦਾ ਮੁੱਖ ਪਲਾਨਰ ਸੀ। ਪੁਲਿਸ ਨੇ ਕਿਹਾ ਹੈ ਕਿ ਦੂਜੇ ਨਕਸਲੀ ਦੀ ਪਛਾਣ ਅਜੇ ਹੋ ਨਹੀਂ ਸਕੀ ਹੈ। ਪੁਲਿਸ ਨੇ ਕਿਹਾ ਹੈ ਕਿ ਇਲਾਕੇ ਵਿੱਚ ਨਕਸਲ ਵਿਰੋਧੀ ਮੁਹਿੰਮ ਅਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।

# ਸ਼ਾਹੀ ਪਰਿਵਾਰ ਦਾ ਅਪਮਾਨ ਕਰਨਾ ਥਾਈ ਸੰਸਦ ਮੈਂਬਰ ਨੂੰ ਪਿਆ ਮਹਿੰਗਾ, ਹੋਈ 6 ਸਾਲ ਦੀ ਸਜ਼ਾ



ਬੈਂਕਾਕ, 14 ਦਸੰਬਰ (ਪੋਸਟ ਬਿਊਰੋ): ਥਾਈਲੈਂਡ ਦੀ ਇੱਕ ਮਹਿਲਾ ਸੰਸਦ ਮੈਂਬਰ ਨੂੰ ਸੋਸ਼ਲ ਮੀਡੀਆ 'ਤੇ ਸ਼ਾਹੀ ਪਰਿਵਾਰ ਦੇ ਖਿਲਾਫ ਲਿਖਣਾ ਭਾਰੀ ਪੈ ਗਿਆ। ਸੰਸਦ ਮੈਂਬਰ ਰੁਕਚ-ਕਨੋਕ ਸ਼੍ਰੀਨੋਕ ਨੂੰ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਰਾਜਸ਼ਾਹੀ ਦਾ ਕਥਿਤ ਅਪਮਾਨ ਕਰਨ ਲਈ ਛੇ ਸਾਲ ਦੀ ਸਜ਼ਾ ਸੁਣਾਈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਸਾਲ 2020 'ਚ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਦੋ ਪੋਸਟਾਂ ਕੀਤੀਆਂ ਸਨ, ਜਿਸ 'ਚ ਸ਼ਾਹੀ ਪਰਿਵਾਰ ਨੂੰ ਲੈ ਕੇ ਅਪਮਾਨਜਨਕ ਗੱਲਾਂ ਲਿਖੀਆਂ ਗਈਆਂ ਸਨ।

ਰਿਪੋਰਟਾਂ ਦੇ ਅਨੁਸਾਰ, ਮਹਿਲਾ ਸੰਸਦ ਮੈਂਬਰ ਨੂੰ ਰਾਜਾ (ਲੇਸ ਮੈਜੇਸਟੀ 112) ਦੇ ਵਿਰੁੱਧ ਗਲਤ ਟਿੱਪਣੀ ਕਰਨ ਅਤੇ ਤਕਨੀਕੀ ਅਪਰਾਧ ਐਕਟ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਇਨ੍ਹਾਂ ਦੋਵਾਂ ਦੋਸ਼ਾਂ 'ਤੇ ਅਦਾਲਤ ਵੱਲੋਂ ਉਸ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਥਾਈ ਲਾਇਰਜ਼ ਫਾਰ ਹਿਊਮਨ ਰਾਈਟਸ (ਟੀਐਲਐਚਆਰ) ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੇ ਅਨੁਸਾਰ, ਉਨ੍ਹਾਂ ਪੋਸਟਾਂ ਵਿੱਚੋਂ ਇਕ ਜਿਸ ਲਈ ਉਸਨੂੰ ਸਜ਼ਾ ਦਿੱਤੀ ਗਈ ਸੀ, ਸਰਕਾਰ ਦੇ ਕੋਵਿਡ -19 ਟੀਕੇ ਦੀ ਖਰੀਦ ਦੀ ਆਲੋਚਨਾ ਸੀ, ਜਿਸ ਵਿੱਚ ਰਾਜੇ ਨਾਲ ਜੁੜੀ ਇੱਕ ਫਾਰਮਾਸਿਊਟੀਕਲ ਕੰਪਨੀ ਸ਼ਾਮਲ ਸੀ। ਇਸ ਦੇ ਨਾਲ ਹੀ, ਦੂਜੀ ਪੋਸਟ ਵਿੱਚ 2020 ਦੇ ਵਿਰੋਧ ਪ੍ਰਦਰਸ਼ਨਾਂ ਦੀ ਇੱਕ ਫੋਟੋ ਦਾ ਰੀਟਵੀਟ ਸ਼ਾਮਲ ਹੈ, ਜਿਸ ਵਿੱਚ ਰਾਜਸ਼ਾਹੀ ਵਿਰੋਧੀ ਮੰਨੇ ਜਾਂਦੇ ਸੰਦੇਸ਼ ਸ਼ਾਮਲ ਹਨ।

ਹਾਲਾਂਕਿ ਇਸ ਕਾਨੂੰਨ ਤਹਿਤ ਸਜ਼ਾ ਸੁਣਾਏ ਜਾਣ ਤੋਂ ਬਾਅਦ ਅਦਾਲਤ ਨੇ ਰੁਕਨੋਕ ਨੂੰ ਜ਼ਮਾਨਤ ਵੀ ਦੇ ਦਿੱਤੀ ਹੈ। ਅਦਾਲਤ ਨੇ ਉਸ ਨੂੰ ਸਜ਼ਾ ਦੇ ਬਦਲੇ 14,000 ਪਾਊਂਡ ਭਰਨ ਦਾ ਹੁਕਮ ਦਿੱਤਾ ਅਤੇ ਭਵਿੱਖ ਵਿੱਚ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਨਾ ਹੋਣ ਦੀ ਚਿਤਾਵਨੀ ਦਿੱਤੀ।

# ਇਮਰਾਨ ਖਾਨ ਅਤੇ ਮਹਿਮੂਦ ਕੁਰੈਸ਼ੀ ਖਿਲਾਫ ਸਿਫਰ ਮਾਮਲੇ ਦੀ ਬੰਦ ਕਮਰੇ ਸੁਣਵਾਈ ਹੋਵੇਗੀ, ਵਿਸ਼ੇਸ਼ ਅਦਾਲਤ ਨੇ ਦਿੱਤੀ ਆਗਿਆ



ਇਸਲਾਮਾਬਾਦ, 14 ਦਸੰਬਰ (ਪੋਸਟ ਬਿਊਰੋ): ਪਾਕਿਸਤਾਨ ਦੇ ਬਹੁਤ ਚਰਚਿਤ ਸਿਫਰ ਕੇਸ (ਗੁਪਤ ਡਿਪਲੋਮੈਟਿਕ ਕੇਬਲ) ਵਿੱਚ ਵਿਸ਼ੇਸ਼ ਅਦਾਲਤ ਨੇ ਇਮਰਾਨ ਖਾਨ ਅਤੇ ਉਨ੍ਹਾਂ ਦੇ ਸਹਿਯੋਗੀ ਸ਼ਾਹ ਮਹਿਮੂਦ ਕੁਰੈਸ਼ੀ ਦੇ ਖਿਲਾਫ ਬੰਦ ਕਮਰੇ ਵਿੱਚ ਸੁਣਵਾਈ ਦੀ ਆਗਿਆ ਦਿੱਤੀ ਹੈ। ਦਰਅਸਲ, ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐਫਆਈਏ) ਨੇ ਵਿਸ਼ੇਸ਼ ਅਦਾਲਤ ਦੇ ਜੱਜ ਅਬੁਲ ਹਸਨਤ ਜੁਲਕਾਰ ਨੈਨ ਨੂੰ ਮਾਮਲੇ ਦੀ ਸੁਣਵਾਈ ਕਮਰੇ ਅੰਦਰ ਕਰਨ ਦੀ ਅਪੀਲ ਕੀਤੀ ਸੀ। ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ। ਦੱਸ ਦਈਏ ਕਿ ਇਮਰਾਨ ਖਾਨ ਇਸ ਸਮੇਂ ਸਿਫਰ ਮਾਮਲੇ 'ਚ ਜੁਡੀਸ਼ੀਅਲ ਰਿਮਾਂਡ 'ਤੇ ਰਾਵਲਪਿੰਡੀ ਦੀ ਅਦਿਆਲਾ ਜੇਲ 'ਚ ਬੰਦ ਹਨ।

ਦੱਸ ਦਈਏ ਕਿ ਸਿਫਰ ਮਾਮਲੇ 'ਚ ਪਿਛਲੇ ਮਹੀਨੇ ਦਿੱਤੇ ਗਏ ਫੈਸਲੇ 'ਚ ਕਿਹਾ ਗਿਆ ਸੀ ਕਿ ਇਸ ਮਾਮਲੇ ਦੀ ਕਾਰਵਾਈ ਅਦਿਆਲਾ ਜੇਲ 'ਚ ਖੁੱਲ੍ਹੀ ਅਦਾਲਤ 'ਚ ਜਾਰੀ ਰਹੇਗੀ। ਇਸ ਦੇ ਬਾਵਜੂਦ ਜਦੋਂ ਵੀਰਵਾਰ ਨੂੰ ਮਾਮਲੇ ਦੀ ਸੁਣਵਾਈ ਹੋਈ ਤਾਂ ਸਾਰੇ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜੱਜ ਨੇ ਕਿਹਾ ਕਿ ਮਾਮਲੇ ਦੀ ਅਗਲੀ ਸੁਣਵਾਈ ਬੰਦ ਕਮਰੇ ਵਿੱਚ ਹੋਵੇਗੀ। ਇਸ ਦੌਰਾਨ ਉਨ੍ਹਾਂ ਨੇ ਸ਼ੱਕੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਪੇਸ਼ੀ 'ਤੇ ਹਾਜ਼ਰ ਹੋਣ ਦੀ ਇਜਾਜ਼ਤ ਦਿੱਤੀ। ਹੁਣ ਇਸ ਦੀ ਅਗਲੀ ਸੁਣਵਾਈ ਸ਼ੁੱਕਰਵਾਰ ਨੂੰ ਫਿਰ ਹੋਵੇਗੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com


# ਟੋਇੰਗ ਅਤੇ ਸਟੋਰੇਜ ਇੰਡਸਟਰੀ ਵਿੱਚ ਓਨਟੈਰੀਓ ਪ੍ਰੋਵਿੰਸੀਅਲ ਦੇ ਨਵੇਂ ਬਦਲਾਅ

1 ਜਨਵਰੀ, 2024 ਤੋਂ, ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਵਿੱਚ ਟੋਇੰਗ ਅਤੇ ਸਟੋਰੇਜ ਇੰਡਸਟਰੀ ਦੀ ਨਿਗਰਾਨੀ ਨਹੀਂ ਕਰੇਗੀ। ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ (ਐਮ.ਟੀ.ਓ.) (Ministry of Transportation) (MTO) ਇਹ ਭੂਮਿਕਾ ਨਿਭਾਵੇਗਾ ਅਤੇ ਪੂਰੇ ਸੂਬੇ ਵਿੱਚ, ਨਵਾਂ ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ (ਐਮ.ਟੀ.ਓ.) ਟੋਇੰਗ ਅਤੇ ਸਟੋਰੇਜ ਸੇਫਟੀ ਐਨਫੋਰਸਮੈਂਟ ਐਕਟ (ਟੀ.ਐਸ.ਐਸ.ਈ.ਏ.) (Towing and Storage Safety Enforcement Act) (TSSEA) ਲਾਗੂ ਕਰੇਗਾ।

ਟੀ.ਐਸ.ਐਸ.ਈ.ਏ. (TSSEA) ਨੇ ਪੂਰਵ ਮਿਉਨਿਸਿਪਲ ਨਿਗਰਾਨੀ ਨੂੰ ਬਦਲਦੇ ਹੋਏ, ਟੋਇੰਗ ਅਤੇ ਵਾਹਨ ਸਟੋਰੇਜ ਸੈਕਟਰ ਲਈ ਪ੍ਰੋਵਿੰਸੀਅਲ ਫ੍ਰੇਮਵਰਕ ਸਥਾਪਤ ਕੀਤਾ ਹੈ।

## 1 ਜਨਵਰੀ, 2024 ਤੋਂ ਲਾਗੂ

- ਓਪਰੇਟਰ ਅਤੇ ਟੋ ਟਰੱਕ ਡ੍ਰਾਈਵਰਾਂ ਨੂੰ ਸਿਰਫ ਪ੍ਰੋਵਿੰਸੀਅਲ ਗਵਰਨੈਂਸ ਦੀ ਪਾਲਣਾ ਕਰਨੀ ਪਵੇਗੀ।
- ਜਨਵਰੀ ਅਤੇ ਮਾਰਚ 2024 ਦੇ ਵਿਚਕਾਰ, ਟੋ ਟਰੱਕ ਅਤੇ ਸਟੋਰੇਜ ਦੀਆਂ ਉਲੰਘਣਾਵਾਂ ਸਬੰਧੀ ਸ਼ਿਕਾਇਤਾਂ ਓਨਟੈਰੀਓ ਸੂਬੇ ਕੋਲ, towing@ontario.ca ਤੇ ਈਮੇਲ ਭੇਜ ਕੇ ਜਮ੍ਹਾਂ ਕੀਤੀਆਂ ਜਾਣਗੀਆਂ। ਸੂਬਾ, ਅੱਪਡੇਟ ਕੀਤੀ ਸ਼ਿਕਾਇਤ ਪ੍ਰਕਿਰਿਆ ਬਾਰੇ ਮਾਰਚ ਵਿੱਚ ਹੋਰ ਵੇਰਵੇ ਪ੍ਰਦਾਨ ਕਰੇਗਾ।

ਵਧੇਰੇ ਜਾਣਕਾਰੀ ਲਈ, **www.brampton.ca/licensing** ਤੇ ਜਾਓ।

www.brampton.ca/bylaws BRAMPTON


LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

**Call: 416.524.6704**
**www.hkmovers.ca**

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES




**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

## 416-371-7777

e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED IN YOUR NEIGHBOURHOOD**

**Brampton Ontario (Dir/Cross St:Kennedy/Bovaird)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਸੋਹਣਾ ਜਿਹਾ ਘਰ, 3 ਬੈਡਰੂਮ ਅਤੇ 4 ਵਾ-ਸ਼ਰੂਮ ਹਨ, ਫਿਨਿਸ਼ਡ ਬੇਸਮੈਂਟ, 1+1 ਕਿਚਨ, ਮੇਨ ਅਤੇ ਦੂਜੀ ਮੰਜ਼ਲ ਦੇ ਫਲੋਰ ਲੈਮੀਨੇਟਡ ਹਨ, ਮਾਸਟਰ ਬੈਡਰੂਮ ਵਿਚ 4 ਪੀਸੀ ਇਨ-ਸੂਟ ਅਤੇ ਵਾਕਿੰਗ ਕਲੋਜ਼ਟ, ਚਾਰਦਿਵਾਰੀ ਦੇ ਨਾਲ ਯਾਰਡ, ਅਤੇ ਹੋਰ ਵੀ ਬਹੁਤ ਕੁੱਝ।

**Brampton Ontario (Dir/Cross St:The Gore/Castlemore/Gardenbrok)**



ਖ਼ੂਬਸੂਰਤ ਡਿਟੈਚਡ ਘਰ, ਜਿਸ ਵਿਚ 4+2 ਬੈਡਰੂਮ + ਲੌਫਟ + 5 ਵਾਸ਼ਰੂਮ ਹਨ, ਫਿਨਿਸ਼ਡ ਬੇਸਮੈਂਟ ਅਲੱਗ ਇੰਟਰੈਂਸ ਦੇ ਨਾਲ, 1+1 ਕਿਚਨ, ਸਾਰੇ ਬੈਡਰੂਮਜ਼ ਵਿਚ ਲੈਮੀਨੇਟਡ ਫਲੋਰ, ਪ੍ਰਾਇਮਰੀ ਬੈਡਰੂਮ ਵਿਚ 5 ਪੀਸੀ ਇਨਸੂਟ ਅਤੇ ਵਾਕ ਇਨ ਕਲੋਜ਼ਟ, ਦੋ ਮਾਸਟਰ ਬੈਡਰੂਮ, ਪਾਠ/ਪੂਜਾ ਲਈ ਸਥਾਨ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Brampton Ontario (Dir/Cross St:Bramalea/Father Tobin /Fernfor)**



ਰੈਂਪਟਨ ਵਿਚ 3000-3500 ਸਕੁਏਅਰ ਫੁੱਟ ਦਾ ਸੋਹਣਾ ਜਿਹਾ 3 ਸਟੋਰੀ ਡਿਟੈਚਟਡ ਘਰ, ਬਰੈਮਲੀ/ਫਾਦਰ ਟੌਬਿਨ/ਫਰਨਫੌਰ ਇੰਟਰਸੈਕਸ਼ਨ ਉਤੇ ਸਥਿਤ, 5+1 ਬੈਡਰੂਮਜ਼ + 5 ਵਾਸ਼ਰੂਮਜ਼, 2 ਫੈਮਿਲੀ ਰੂਮ ਅਤੇ 2 ਮਾਸਟਰ ਬੈਡਰੂਮਜ਼ ਦੇ ਨਾਲ, ਉਪਰਲੇ ਫਲੋਰ ਦੇ ਸਾਰੇ ਬੈਡਰੂਮਜ਼ ਲੈਮੀਨੇਟਡ, ਕੁਆਰਟਸ ਸੀ ਟਾਪ ਦੇ ਨਾਲ ਸੁੰਦਰ ਕਿਚਨ, ਗੈਰਾਜ ਤੋਂ ਡੋਰ ਐਂਟਰੀ, ਅੰਦਰ ਅਤੇ ਬਾਹਰ ਪੌਟ ਲਾਈਟਾਂ ਲੱਗੀਆਂ ਹੋਈਆਂ, ਦੂਸਰੇ ਫਲੋਰ ਉਤੇ ਲਾਊਂਡਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਸਾਊਂਡ ਸਿਸਟਮ ਦੇ ਨਾਲ।

**FREE**

- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017